# ਮੁਕਤਿ ਪੰਥ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਤੋਂ ਸਬਕ


ਪ੍ਰੇਰਕ ਅਤੇ ਜਾਣਕਾਰੀ ਦਾ ਸਰੋਤ

ਸ਼੍ਰੋਮਣੀ ਕਥਾਕਾਰ

ਸੰਤ ਗਿਆਨੀ ਨਿਰੰਜਨ ਸਿੰਘ ਜੀ

ਲੇਖਕ

ਗਿਆਨੀ ਪ੍ਰਿਤਪਾਲ ਸਿੰਘ ਜੀ

# ਮੁਕਤਿ ਪੰਥ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਤੋਂ ਸਬਕ

# MUKAT PANTH

# THE PATH OF LIBERATION

Lessons from the Bani of Sri Guru Teg Bahadur Sahib Ji

ਪ੍ਰੇਰਕ ਅਤੇ ਜਾਣਕਾਰੀ ਦਾ ਸਰੋਤ

**ਸ਼੍ਰੋਮਣੀ ਕਥਾਕਾਰ**

**ਸੰਤ ਗਿਆਨੀ ਨਿਰੰਜਨ ਸਿੰਘ ਜੀ**

ਲੇਖਕ

**ਗਿਆਨੀ ਪ੍ਰਿਤਪਾਲ ਸਿੰਘ ਜੀ**

# ਮੁਕਤਿ ਪੰਥ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਤੋਂ ਸਬਕ

ISBN: 978 981 250 311 4
Published in Singapore

Published by
Mighty Minds Publishing Pte Ltd
Tel: (65)6353 5035 • Fax: (65)6353 5414
1003 Bukit Merah Central, #03-12,
Singapore 159836
Reg No: 199806419Z
Email : mighty@mightyminds.com.sg

## PRINTED BOOK

**FIRST PRINTED**
November 1975


**Dedicated To**
The 300th anniversary
of the Shaheedi (martyrdom) of
Sri Guru Teg Bahadur Sahib Ji


## DIGITAL BOOK VERSION 1

**PUBLISHED**
on the Perkash Gurpurab of
Sri Guru Teg Bahadur Sahib Ji
18th April 2025


**Dedicated To**
The 350th anniversary
of the Shaheedi (martyrdom) of
Sri Guru Teg Bahadur Sahib Ji
25th November 2025

ਇਸ ਪੁਸਤਕ ਵਿੱਚ ਗੁਰਬਾਣੀ ਦਰਜ ਹੈ । ਕਿਰਪਾ ਕਰਕੇ
ਇਸ ਨੂੰ ਪਿਆਰ ਅਤੇ ਸਤਕਾਰ ਨਾਲ ਸੰਭਾਲਨਾ ਜੀ ।

This book contains Shabads and quotations from Gurbani.
Kindly handle it with care and respect.

THIS BOOK IS DISTRIBUTED FREE
and is
**STRICTLY NOT FOR SALE.**

ਇਹ ਪੁਸਤਕ ਮੁਫ਼ਤ ਵੰਡੀ ਜਾ ਰਹੀ ਹੈ, ਵੇਚਣ ਲਈ ਨਹੀ ਹੈ । ਇਸ ਪੁਸਤਕ ਦਾ ਮੁੱਲ (ਕੀਮਤ) ਮਾਯਾ ਨਹੀ, ਬਲਕਿ ਪੜ੍ਹ ਕੇ ਆਤਮਿਕ ਗਿਆਨ ਦੀ ਪ੍ਰਾਪਤੀ ਕਰਨਾ ਹੈ । ਕਿਰਪਾ ਕਰ ਕੇ ਆਪਣਾ ਕੀਮਤੀ ਸਮਾਂ ਕੱਢ ਕੇ, ਇਸ ਪੁਸਤਕ ਨੂੰ ਪੜ੍ਹੋ, ਸਮਝੋ ਅਤੇ ਆਪਣੇ ਜੀਵਨ ਵਿਚ ਢਾਲਨ ਦੀ ਕੋਸ਼ਿਸ਼ ਕਰੋ ।

The price of this spiritual guide is not monetary but spiritual. Kindly read, understand and make an attempt to follow the teachings explained in this book.

# OTHER INSPIRING BOOKS
# BY SANT GIANI NARANJAN SINGH JI

Divine Mystic Reflections on Gurmat Book 1

Divine Mystic Reflections on Gurmat Book 2

**ਅਕੱਥ ਕਥਾ**

**ਅਰਦਾਸ ਕਲਾ**

The Miracle of Ardaas
(English translation of **ਅਰਦਾਸ ਕਲਾ**)

**ਜੀਵਨ ਜੁਗਤਿ**

Guide to Spiritual Consciousness
(English translation of **ਜੀਵਨ ਜੁਗਤਿ**)

The Path of Liberation
(English translation of **ਮੁਕਤਿ ਪੰਥ**)

For details, kindly visit the following website :
**GuruNanakAshram.com**

# ਪ੍ਰਕਾਸ਼ਕ ਦਾ ਨੋਟ

ਸੰਤ ਗਿਆਨੀ ਨਿਰੰਜਨ ਸਿੰਘ ਜੀ ਇੱਕ ਧਾਰਮਿਕ ਪ੍ਰਕਾਸ਼ਨ ਕੇਂਦਰ, ਜਿਸਦਾ ਨਾਮ "ਹੋਲੀ ਸਤਸੰਗ" ਸੀ, ਗੁਰੂ ਨਾਨਕ ਆਸ਼੍ਰਮ, ਪਟਿਆਲਾ ਤੋਂ ਚਲਾਇਆ ਕਰਦੇ ਸਨ । "ਹੋਲੀ ਸਤਸੰਗ" ਗੁਰ-ਆਸ਼ੇ ਨੂੰ ਲਿਖਤੀ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਉਪਰਾਲਾ ਸੀ ।

ਇਹ ਹਥਲੀ ਪੁਸਤਕ ਉਸ ਪ੍ਰਕਾਸ਼ਨ ਲੜੀ ਦੀ ਇਕ ਲੜੀ ਹੈ ਜੋ ਪਹਿਲੀ ਵਾਰ ੧੯੭੫ ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੩੦੦ਵੇਂ ਸ਼ਹੀਦੀ ਪੁਰਬ ਤੇ ਪ੍ਰਕਾਸ਼ਿਤ ਕੀਤੀ ਗਈ ਸੀ । ਹੁਣ, ੫੦ ਸਾਲ ਬਾਅਦ, ਇਸ ਕਿਤਾਬ ਦੀ ਡਿਜੀਟਲ ਸੰਸਕਰਣ ਅਤੇ ਇਸਦੀ ਅੰਗਰੇਜ਼ੀ ਵਿੱਚ ਅਨੁਵਾਦ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਜਾਰੀ ਕੀਤੀ ਗਈ ਹੈ ਅਤੇ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੩੫੦ਵੀਂ ਸ਼ਹੀਦੀ ਦਿਵਸ ਨੂੰ ਸਮਰਪਿਤ ਹੈ, ਜੋ ੨੫ ਨਵੰਬਰ ੨੦੨੫ ਨੂੰ ਹੈ ।

ਅਸੀਂ ਮਾਤਾ ਸੁਰਜੀਤ ਕੌਰ ਜੀ (ਸੰਤ ਗਿਆਨੀ ਨਿਰੰਜਨ ਸਿੰਘ ਜੀ ਦੀ ਧਰਮ ਦੀ ਪੁੱਤਰੀ) ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇਸ ਕਿਤਾਬ ਨੂੰ ਸੰਗਤਾਂ ਨਾਲ ਸਾਂਝਾ ਕਰਨ ਲਈ ਉਤਸ਼ਾਹਿਤ ਕੀਤਾ ।

ਜੋ ਵੀ ਇਸ ਐਡੀਸ਼ਨ ਵਿੱਚ ਟਾਇਪ-ਸੈਟੀਙ ਜਾਂ ਹੋਰ ਗਲਤੀਆਂ ਹਨ, ਉਹਨਾਂ ਦੇ ਅਸੀਂ ਆਪ ਜੀ ਅੱਗੇ ਨਿਮਰਤਾ ਸਹਿਤ ਖਿਮਾ ਦੇ ਜਾਚਕ ਹਾਂ ਅਤੇ ਮੁਆਫੀ ਮੰਗਦੇ ਹਾਂ ।

ਕਿਰਪਾ ਕਰਕੇ, ਇਨ੍ਹਾਂ ਬਾਰੇ ਆਪ ਜੀ ਸਾਨੂੰ ਦੱਸੋ ਈ-ਮੇਲ ਰਾਹੀਂ : contact@gurunanakashram.com

# ੴ

ਸਤਿਗੁਰ ਪ੍ਰਸਾਦਿ ॥

# ਵਿਸ਼ਵ ਸ਼ਾਂਤੀ ਲਈ ਅਰਦਾਸ

ਸਲੋਕ ਮ: ੩ ॥

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥


ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥

ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥

O Lord, please shower your Mercy on the world
which is burning in the fire of vices.
Save it by whatever means it takes.
The True Guru has shown that the way to peace
is by contemplating the True Shabad.
Nanak, there is no one else
(who can save this world)
other than the Forgiving Lord.

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਸ਼੍ਰੋਮਣੀ ਕਥਾਕਾਰ
# ਸੰਤ ਗਿਆਨੀ ਨਿਰੰਜਨ ਸਿੰਘ ਜੀ



ਸੰਤ ਗਿਆਨੀ ਨਿਰੰਜਨ ਸਿੰਘ ਜੀ ਗੁਰਮਤਿ ਦੇ ਇਕ ਉੱਘੇ ਵਿਆਖਿਆਕਾਰ ਅਤੇ ਨਾਮ ਅਭਿਆਸੀ ਪੁਰਸ਼ ਹਨ ।

ਬਚਪਨ ਤੋਂ ਹੀ ਆਪ ਨੂੰ ਨਾਮ-ਪ੍ਰਾਪਤੀ ਦੀ ਅਭਲਾਸ਼ਾ ਜਾਗੀ । ਆਪਣੀ ਮਾਤਾ ਪਾਸੋਂ ਆਪ ਨੂੰ ਨਾਮ ਚੇਸ਼ਟਾ ਦਾ ਵਿਰਸਾ ਮਿਲਿਆ ।

ਵਖ ਵਖ ਧਰਮਾਂ ਅਤੇ ਫਲਸਫਿਆਂ ਦੇ ਤੁਲਨਾਤਮਕ ਅਧਿਐਨ ਦੇ ਮੁਢਲੇ ਸ਼ੌਂਕ ਨੇ ਆਪ ਨੂੰ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫਾਰਸੀ, ਅੰਗਰੇਜ਼ੀ ਆਦਿ ਜ਼ਬਾਨਾਂ ਦੀ ਚੰਗੀ ਜਾਣਕਾਰੀ ਕਰਾਈ ।

ਸ਼ਾਸਤਰ ਅਤੇ ਸ਼ਸਤਰ ਆਪ ਦਾ ਸ਼ਿੰਗਾਰ ਹਨ ।

ਆਪ ਦੇ ਜੀਵਨ ਦਾ ਆਦਰਸ਼ ਹੇ :

**ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਆਦਰਸ਼ ਦੀ ਧੂਹ ਅਤੇ ਗੁਰੂ ਸੰਗਤਾਂ ਦਾ ਪਿਆਰ ਆਪ ਨੂੰ ਵਖ ਵਖ ਸ਼ਹਿਰਾਂ, ਗਰਾਮਾਂ ਅਤੇ ਬਦੇਸ਼ਾਂ ਵਿਚ ਲੈ ਜਾਂਦਾ ਹੈ ।

ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਗੁਰੂ ਅਸੂਲਾਂ ਨੂੰ ਅਮਲੀ ਜਾਂਮਾ ਪਹਿਨਾਣ ਲਈ ਗੁਰੂ ਨਾਨਕ ਆਸ਼ਰਮ, ਪਟਿਆਲਾ ਆਪ ਦੀ ਪ੍ਰਯੋਗਸ਼ਾਲਾ ਹੈ ।

ਇਹ ਆਸ਼ਰਮ ਇਕ ਕੇਂਦਰ ਵੀ ਹੈ ਜਿਥੋਂ "ਹੋਲੀ ਸਤਸੰਗ" ਦੇ ਨਾਮ ਹੇਠ ਗੁਰ–ਆਸ਼ੇ ਨੂੰ ਲਿਖਤੀ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ । ਹਥਲੀ ਪੁਸਤਕ ਉਸ ਪ੍ਰਕਾਸ਼ਨ ਲੜੀ ਦੀ ਇਕ ਲੜੀ ਹੈ ।

ਗਿਆਨੀ ਪ੍ਰਿਤਪਾਲ ਸਿੰਘ ਜੀ ਨੇ ਸੰਤ ਜੀ ਦੀ ਇਹ ਸੰਖੇਪ ਜੀਵਨੀ ੧੯੯੨ ਵਿੱਚ ਲਿੱਖੀ ਸੀ ।

# ਭੂਮਿਕਾ

ਗਿਆਨੀ ਪ੍ਰਿਤਪਾਲ ਸਿੰਘ ਜੀ

ਚਾਲੂ ਸਾਲ, ੧੯੭੫ ਈ:, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ੩੦੦ਵਾਂ ਸਾਲ ਹੈ। ਇਸ ਪੁਰਬ ਨੂੰ ਢੁਕਵੀਂ ਆਨ-ਸ਼ਾਨ ਨਾਲ ਮਨਾਉਣ ਲਈ ਸਰਕਾਰੀ ਤਥਾ ਗੈਰ-ਸਰਕਾਰੀ ਪੱਧਰ ਤੇ ਉਪਰਾਲੇ ਹੋ ਰਹੇ ਹਨ, ਅਤੇ ਤਜਵੀਜ਼ ਹੈ ਕਿ ਪੁਰਬ ਵਾਲੇ ਦਿਨ (੭-੧੨-੧੯੭੫) ਤੋਂ ਇੱਕ ਸਾਲ ਬਾਦ ਤੱਕ ਪ੍ਰੋਗਰਾਮ ਚਲਦੇ ਰਹਿਣ।

ਜਗ੍ਹ□ ਜਗ੍ਹ□ ਪੁਰ ਤੀਸਰੀ ਸ਼ਤਾਬਦੀ ਕਮੇਟੀਆਂ ਬਣ ਗਈਆਂ ਹਨ। ਹਰ ਛੋਟੇ ਵੱਡੇ ਸ਼ਹਿਰ ਵਿੱਚ ਸੰਗਤਾਂ ਕੀਰਤਨ ਦਰਬਾਰ ਤੇ ਗੋਸ਼ਟੀਆਂ ਕਰਾ ਰਹੀਆਂ ਹਨ, ਦੀਵਾਨ ਸਜਾਇ ਜਾ ਰਹੇ ਹਨ ਅਤੇ ਕਈ ਪ੍ਰਕਾਰ ਦਾ ਸਾਹਿਤ ਤਿਆਰ ਕੀਤਾ ਜਾ ਰਿਹਾ ਹੈ। ਇਹ ਸਭ ਸ਼ਲਾਘਾ ਯੋਗ ਹੈ। ਸਭ ਭਾਰਤਵਾਸੀ ਗੁਰੂ ਸਾਹਿਬ ਜੀ ਦੇ ਅਤਿ ਰਿਣੀ ਹਨ। ਇਹ ਲਈ, ਇਸ ਮੌਕੇ ਨੂੰ ਮਨਾਉਣ ਵਾਸਤੇ, ਐਸਾ ਉਤਸ਼ਾਹ ਰੱਖਣਾ ਸੁਘੜਤਾ ਦਾ ਚਿਨ੍ਹ□ਹੈ।

ਪਰ ਇਸ ਸਾਰੀ ਮਿਹਨਤ ਅਤੇ ਉਪਰਾਲੇ ਦਾ ਇਹ ਮਤਲਬ ਨਹੀਂ ਕਿ ਅਸੀਂ ਅਲਪਗ ਜੀਵ, ਗੁਰੂ ਸਾਹਿਬ ਜੀ ਦੀ ਅਜ਼ਮਤ ਨੂੰ ਉਜਾਗਰ ਕਰ ਰਹੇ ਹਾਂ ਜਾਂ ਕਰ ਸਕਦੇ ਹਾਂ। **ਸਾਹਿਬਾਂ ਦੀ ਵਡਿਆਈ ਨੂੰ ਬਿਆਨ ਕਰਨ ਲਈ ਨਾ ਕਾਗਜ਼ ਹੈ, ਨਾ ਕਲਮ ਅਤੇ ਨਾ ਲਿਖਣਹਾਰਾ ।** ਇਹ ਬਾਤ ਵਾਸਤਵਿਕ ਸਚਾਈ ਹੈ, ਕੋਈ ਕਲਪਨਾ ਨਹੀਂ।

ਗੁਰੂ ਜੋਤ, ਜਦ ਵੀ ਪ੍ਰਗਟ ਹੋਈ ਹੈ - ਭਾਵੇਂ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਰੂਪ ਵਿੱਚ ਅਤੇ ਭਾਵੇਂ ਮਗਰਲੇ ਸਰੂਪਾਂ ਵਿੱਚ - ਉਸ ਦਾ ਟਿਕਾਣਾ ਉਥੇ ਹੀ ਰਿਹਾ ਹੈ ਜਿੱਥੇ ਮਨ ਬੁੱਧੀ ਦੀ ਪਹੁੰਚ ਨਹੀਂ ਅਤੇ ਨਾ ਹੀ ਪ੍ਰਕਿਰਤੀ ਤਥਾ ਮਾਇਆ ਦੀ ਪਹੁੰਚ ਹੈ। ਗੁਰਵਾਕ ਹੈ :

**ਨਹ ਸਿਵ ਸਕਤੀ ਜਲੁ ਨਹੀ ਪਵਨਾ**
**ਤਹ ਅਕਾਰੁ ਨਹੀ ਮੇਦਨੀ ॥**
**ਸਤਿਗੁਰ ਜੋਗ ਕਾ ਤਹਾ ਨਿਵਾਸਾ**
**ਜਹ ਅਵਿਗਤ ਨਾਥੁ ਅਗਮ ਧਨੀ ॥੩॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਲਈ, ਅਸੀਂ ਜੀਵ, ਜੋ ਮਨ ਬੁੱਧੀ ਅਤੇ ਆਕਾਰ ਦੀ ਸੀਮਾ ਵਿੱਚ ਕੈਦ ਹਾਂ, ਕਿਵੇਂ ਨਿਰਾਕਾਰ ਅਤੇ ਅਗਮ ਅਗੋਚਰ ਨੂੰ ਵਡਿਆ ਸਕਦੇ ਹਾਂ ? ਵੱਧ ਤੋਂ ਵੱਧ, ਅਸੀਂ, ਸ਼ਰਧਾਂਜਲੀ ਵਜੋਂ ਉਸ ਬਾਰੇ ਕੁਝ ਟੁਟਾ ਫੁਟਾ ਸੰਕੇਤ ਦੇ ਸਕਦੇ ਹਾਂ ।

**ਨੌਵੇਂ ਪਾਤਸ਼ਾਹ ਦੇ ਜੀਵਨ ਅਤੇ ਬਾਣੀ ਦਾ ਅਧਿਐਨ ਦਸਦਾ ਹੈ ਕਿ ਆਪ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਪ੍ਰੇਰਨਾ ਕੀਤੀ ਹੈ ਕਿ ਜ਼ਿੰਦਗੀ ਦਾ ਮਨੋਰਥ ਨਾਮ ਦਾ ਭਜਨ ਸਿਮਰਨ ਹੈ ਜਿਸ ਕਰਕੇ ਮਨੁੱਖੀ ਜੀਵ-ਆਤਮਾ ਬੁਲੰਦੀ ਦੀ ਉਸ ਸਿਖਰ ਤੇ ਪਹੁੰਚ ਸਕੇ ਜਿਥੋਂ ਵੱਡੀ ਤੋਂ ਵੱਡੀ ਮੁਸ਼ਕਲ ਵੀ ਇਸ ਨੂੰ ਨੀਚਾ ਨਾ ਦਿਖਾ ਸਕੇ, ਅਤੇ ਇਹ ਹੀ ਮੁਕਤਿ ਪੱਦ ਹੈ ।**

ਇਸ ਪੱਦ ਦਾ ਵੇਰਵਾ ਅਤੇ ਇਸ ਪਦ ਦੀ ਪ੍ਰਾਪਤੀ ਲਈ, ਜੋ ਨਾਮ ਦਾ ਭਜਨ ਸਿਮਰਨ ਹੈ, ਉਸ ਤੋਂ ਕੀ ਭਾਵ ਹੈ ? ਇਸ ਬਾਰੇ ਸੰਖੇਪ ਜਹੀ ਚਰਚਾ ਇਸ ਪ੍ਰਕਾਸ਼ਨ ਵਿੱਚ ਕੀਤੀ ਗਈ ਹੈ। ਇਸ ਪ੍ਰਕਾਸ਼ਨ ਦੇ ਕਰਤਾ ਹਨ ਕੋਈ ਗੁਪਤ ਕਲਾਧਾਰੀ ਜਿਨ੍ਹਾਂ□ਪ੍ਰੇਰਨਾ ਅਤੇ ਅਗਵਾਈ ਦਿੱਤੀ ਅਤੇ ਨਾਲ ਹੀ ਹਨ ਪਟਿਆਲਾ ਨਿਵਾਸੀ ਸ੍ਰੀ ਮਾਨ ਸੰਤ

ਗਿਆਨੀ ਨਿੰਰਜਨ ਸਿੰਘ ਜੀ, ਜਿਨ੍ਹਾਂ ਸ਼ਪੱਸ਼ਟਤਾ ਤੇ ਪ੍ਰੋੜਤਾ ਦਿੱਤੀ।

ਸੰਤ ਗਿਆਨੀ ਨਿਰੰਜਨ ਸਿੰਘ ਜੀ ਨੇ, ਗੁਰੂ ਸਾਹਿਬ ਜੀ ਦੀ ਸ਼ਹਾਦਤ ਤੇ ੪੦ ਦਿਨ ਲਗਾਤਾਰ ਕਥਾ ਦੁਆਰਾ ਵਿਚਾਰ ਦਿੱਤੇ, ਜੋ ਦਾਸ ਨੂੰ ਕਦੇ-ਕਦੇ ਸੁਣਨ ਦਾ ਮੌਕਾ ਮਿਲਿਆ ਅਤੇ ਇਸ ਪੁਸਤਕ ਵਿੱਚ ਸ਼ਾਮਲ ਕੀਤੇ ਗਏ ਹਨ।

ਦਾਸ ਤਾਂ ਸਹ-ਲੇਖਕ ਹੈ ਅਤੇ ਤਰੁਟੀਆਂ ਲਈ ਜ਼ੁਮੇਵਾਰ। ਇਸ ਨਿਬੰਧ ਦਾ ਆਧਾਰ ਨੌਵੇਂ ਪਾਤਸ਼ਾਹ ਦੀ ਬਾਣੀ ਹੈ ਜੋ ਥਾਂ ਪੁਰ ਥਾਂ ਹਵਾਲੇ ਵਜੋਂ ਦਿੱਤੀ ਗਈ ਹੈ। ਜੇ ਕਿਸੇ ਪ੍ਰਾਣੀ ਨੂੰ ਇਹਨਾਂ ਥੋੜੇ ਪੰਨਿਆਂ ਦੇ ਅਧਿਐਨ ਨਾਲ ਗੁਰੂ ਸਾਹਿਬ ਜੀ ਦੇ ਦਰਸਾਇ ਮੁਕਤਿ ਪੰਥ ਵੱਲ ਤੁਰਨ ਦੀ ਪ੍ਰੇਰਨਾ ਮਿਲੇ ਜਾਂ ਜੇ ਕਿਸੇ ਪਾਂਧੀ ਨੂੰ ਕੁਝ ਉਤਸ਼ਾਹ ਮਿਲੇ ਤਾਂ ਧੰਨਭਾਗ।

**ਅਸਲ ਵਿੱਚ ਇਹ ਸ਼ਤਾਬਦੀ ਮਨਾਉਣੀ ਤਦ ਹੀ ਸਫਲ ਹੈ ਜੇ ਅਸੀਂ, ਜਿਹੜੇ ਗੁਰੂ ਸਾਹਿਬ ਜੀ ਦੇ ਸਿੱਖ ਸੇਵਕ ਅਖਵਾਣ ਦਾ ਮਾਨ ਰੱਖਦੇ ਹਾਂ, ਉਹਨਾਂ ਦੇ ਆਸ਼ੇ ਮੁਤਾਬਿਕ ਆਪਣੇ ਜੀਵਨ ਨੂੰ ਢਾਲਣ ਲਈ ਉਪਰਾਲਾ ਕਰੀਏ ।**

ਗੁਰੂ ਨੂੰ ਕਉਣ ਚੰਗਾ ਲਗਦਾ ਹੈ ? ਇਸ ਦਾ ਉੱਤਰ ਗੁਰਬਾਣੀ ਦੇਂਦੀ ਹੈ :

ਨਾਮੁ ਧਿਆਏ ਤਾ ਸਤਿਗੁਰ ਭਾਏ
ਜੋ ਇਛੈ ਸੋ ਫਲੁ ਪਾਏ॥
~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਤੇ ਫਲ ਲਗਦਾ ਹੈ :

ਨਾਮੁ ਧਿਆਏ ਤਾ ਸਤਿਗੁਰ ਭਾਏ
ਜੋ ਇਛੈ ਸੋ ਫਲੁ ਪਾਏ॥
~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰੂ ਘਰ ਵਿੱਚ ਨਾਮ ਦੀ ਹੀ ਵਡਿਆਈ ਹੈ ਕਿਉਂਕਿ ਸਿਰਫ ਇਹ ਹੀ ਇਸ ਜ਼ਮਾਨੇ ਵਿੱਚ ਕਲਯਾਨ-ਕਾਰੀ ਵਸਤੂ ਹੈ :

ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਵੈ ॥
~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜੀਵਨ ਸਫਲਤਾ ਲਈ ਲੋੜ ਹੈ ਕੋਈ ਐਸੀ ਵਿਉਂਤ ਧਾਰਨ ਕਰਨ ਦੀ ਜਿਸ ਕਰਕੇ ਦਿਨ ਰਾਤ ਦੇ ੨੪ ਘੰਟਿਆਂ ਵਿੱਚੋਂ, ਭਾਵੇਂ ਥੋੜ੍ਹੇ ਸਮੇਂ ਲਈ, ਕਿਸੇ ਵੇਲੇ ਘਟ ਘਟ ਅੰਦਰ ਵਿਆਪ

ਰਹੇ ਨਾਮ ਤਤ ਨਾਲ ਆਪਣੇ ਅੰਤਰ-ਆਤਮੇ ਇੱਕ ਸੁਰ ਹੋਇਆ ਜਾਇ ।

ਰਾਮ ਨਾਮ ਨਰ ਨਿਸਿ ਬਾਸੁਰ ਮੈ
*ਨਿਮਖ* ਏਕ ਉਰ ਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ
ਅਪੁਨੋ ਜਨਮੁ ਸਵਾਰੈ ॥੩॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ *ਨਿਮਖ* ਨੂੰ ਲਿਆਉਣ ਲਈ, ਕਿਸੇ ਤਿਆਰੀ ਦੀ ਲੋੜ ਹੈ ।

ਤਜਰਬਾਕਾਰ ਮਹਾਂਪੁਰਖਾਂ ਦਾ ਦੱਸਣਾ ਹੈ ਕਿ ਇਸ ਵਾਸਤੇ ਦਿਮਾਗੀ ਤੰਤੂ ਪ੍ਰਬੰਧ (nervous system) ਦਾ ਨਰੋਆ ਰਹਿਣਾ ਇੱਕ ਜਰੂਰੀ ਚੀਜ਼ ਹੈ । ਇਹ ਕਿਉਂ ਤੇ ਕਿਵੇਂ ਵਿਗੜਦਾ ਹੈ, ਇਹ ਦੂਸਰੀ ਬਾਤ ਹੈ ।

ਪਰ ਧਾਰਮਿਕ ਵਿਚਾਰਧਾਰਾ ਅਨੁਸਾਰ ਇਸ ਨੂੰ ਨਰੋਆ ਤੇ ਤਕੜਾ ਰੱਖਣ ਦਾ ਇੱਕ ਵਿਸ਼ੇਸ਼ ਸਾਧਨ ਹੈ : ਜਤ ਸਤ ਰੱਖਦੇ ਹੋਇ, ਮਨੋ-ਬਿਰਤੀ ਨੂੰ ਹਰੀ ਕੀਰਤਨ ਵਿੱਚ ਟਿਕਾਣਾ ।

**ਧਾਰਮਿਕ ਕ੍ਰਿਆਵਾਂ ਵਿੱਚੋਂ ਹਰੀ ਕੀਰਤਨ ਦਾ ਦਰਜਾ ਸਿਖਰ ਦਾ ਹੈ ।**

**ਭਏ ਦਇਆਲ ਕ੍ਰਿਪਾਲ ਸੰਤ ਜਨ**
**ਤਬ ਇਹ ਬਾਤ ਬਤਾਈ ॥**
**ਸਰਬ ਧਰਮ ਮਾਨੋ ਤਿਹ ਕੀਏ**
**ਜਿਹ ਪ੍ਰਭ ਕੀਰਤਿ ਗਾਈ ॥੨॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਮਹਾਂਪਰਖਾਂ ਦਾ ਇੱਕ ਹੋਰ ਵੀ ਤਜਰਬਾ ਹੈ। ਉਹ ਇਹ ਕਿ ਜਦ ਗੁਰਬਾਣੀ ਦਾ ਕੀਤਰਨ ਤੇ ਪ੍ਰਭੂ ਸਿਮਰਨ ਸੁਰਤ ਨੂੰ ਸੂਖਮਤਾ ਵਿੱਚ ਲੈ ਜਾਂਦੇ ਹਨ, ਤਾਂ ਅਭਿਆਸੀ ਪੁਰ ਇੱਕ ਉਹ ਅਵਸਥਾ ਆਉਂਦੀ ਹੈ ਜਿਥੇ

**ਗੁਪਤੀ ਬਾਣੀ ਪਰਗਟੁ ਹੋਇ ॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਗੁਪਤ ਬਾਣੀ ਨਾਲ ਸੰਪਰਕ ਦੇ ਵੱਧਣ ਨਾਲ ਮਨੋ-ਬਿਰਤੀ ਤੋਂ ਸਭ ਡਰ, ਖਤਰੇ, ਰੋਗ ਆਦਿ ਦੂਰ ਹੋਣ ਲੱਗ ਜਾਦੇ ਹਨ, ਜਿਵੇਂ ਕਿ ਗੁਰੂ ਵਾਕ ਹੈ :

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ੴ

ਸਤਿਗੁਰ ਪ੍ਰਸਾਦਿ ॥

# ਮੁਕਤਿ ਪੰਥ

ਨਾਨਕ ਕਹਤ ਮੁਕਤਿ ਪੰਥ ਇਹੁ
ਗੁਰਮੁਖਿ ਹੋਇ ਤੁਮ ਪਾਵਉ ॥੨॥੫॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਾਡੀ ਕਰਨੀ ਅਤੇ ਰਹਿਣੀ ਵੱਲ ਦੇਖਦੇ ਹਨ, ਤਾਂ ਫੁਰਮਾਂਦੇ ਹਨ :

ਸਾਧੋ ਇਹ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ
ਮਾਇਆ ਹਾਥਿ ਬਿਕਾਨਾ ॥੧॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਭਰਮ ਕੀ ਹੈ ਜਿਸ ਵਿੱਚ ਸਭ ਭੁਲੀ ਪੈ ਗਏ ਹਨ ?

ਧਾਰਮਿਕ ਪਰਿਭਾਸ਼ਾ ਵਿੱਚ ਭਰਮ ਦਾ ਅਰਥ ਹੈ ਮਿਥਯਾ ਗਿਆਨ, ਭਾਵ ਅਸਲੀਅਤ ਹੋਰ ਹੋਣੀ ਅਤੇ ਸਮਝਣਾ ਕੁਝ ਹੋਰ।

ਮੁਬਾਰਿਕ ਹੈ ਉਹ, ਸੁਭਾਗਸ਼ਾਲੀ ਹੈ ਉਹ, ਧੰਨਤਾ-ਯੋਗ ਹੈ ਉਹ, ਜਿਹੜਾ ਭਰਮ ਦਾ ਸ਼ਿਕਾਰ ਨਹੀਂ।

ਗੁਰੂ ਸਾਹਿਬ ਜੀ ਦੱਸਦੇ ਹਨ ਕਿ ਦ੍ਰਿਸ਼ਟੀ ਪਲਟ ਜਾਂਦੀ ਹੈ, ਜਗਤ ਦਾ ਭਰਮ ਨਾਸ਼ ਹੋ ਜਾਂਦਾ ਹੈ ਜੇ ਇਸ ਵਿੱਚ ਵਿੱਚਰਦੇ ਹੋਇ, ਇਸ ਦੇ ਸਭ ਕਾਰਜ ਕਰਦੇ ਹੋਇ, ਨਾਲ ਦੇ ਨਾਲ, ਅਸੀਂ ਆਪਣੇ ਧੁਰ ਅੰਦਰ, ਇਸ ਦੇ ਕਰਤੇ ਨੂੰ, ਜੋ ਇਸ ਦੇ ਅੰਦਰ ਬਾਹਰ ਵਿਆਪ ਰਿਹਾ ਹੈ, ਚੇਤੇ ਰੱਖੀਏ, ਉਸ ਨੂੰ

**ਯਾਦ ਕਰਦੇ ਰਹੀਏ ।** ਰਮਿਆ ਹੋਇਆ ਰਾਮ ਜੋ ਇਸ ਜਗਤ ਦੀ ਅੰਤਮ ਸਚਾਈ ਹੈ, ਤਤ ਸਤ ਹੈ, ਪਰਤੱਖ ਹੋਣ ਲੱਗ ਜਾਂਦਾ ਹੈ ਜੇ ਉਸ ਦਾ ਸਿਮਰਨ ਕਰੀਏ :

ੴ ਸਤਿਗੁਰ ਪ੍ਰਸਾਦਿ ॥
ਰਾਗੁ ਬਸੰਤੁ ਹਿੰਡੋਲ ਮਹਲਾ ੯ ॥
ਸਾਧੋ ਇਹ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ
ਸਾਚੋ ਤਾਹਿ ਪਛਾਨੋ ॥੧॥ ਰਹਾਉ ॥
ਇਹੁ ਜਗੁ ਹੈ ਸੰਪਤਿ ਸੁਪਨੇ ਕੀ
ਦੇਖਿ ਕਹਾ ਐਡਾਨੋ ॥
ਸੰਗਿ ਤਿਹਾਰੈ ਕਛੂ ਨ ਚਾਲੈ
ਤਾਹਿ ਕਹਾ ਲਪਟਾਨੋ ॥੧॥
ਉਸਤਤਿ ਨਿੰਦਾ ਦੋਊ ਪਰਹਰਿ
ਹਰਿ ਕੀਰਤਿ ਉਰ ਆਨੋ ॥
ਜਨ ਨਾਨਕ ਸਭ ਹੀ ਮੈ ਪੂਰਨ
ਏਕ ਪੁਰਖ ਭਗਵਾਨੋ ॥੨॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਾਹਿਬਾਂ ਨੇ ਤਿੰਨ ਵਸਤੂਆਂ ਅਬਿਨਾਸ਼ੀ ਦੱਸੀਆ ਹਨ। ਇੱਕ ਹੈ ਗੁਰ-ਕਰਤਾਰ, ਦੂਜਾ ਹੈ ਉਸ ਦੀ ਨਾਮ-ਕਲਾ ਅਤੇ ਤੀਜਾ ਹੈ ਉਹ ਪੁਰਸ਼, ਜੋ ਆਪਣੇ ਆਪ ਨੂੰ ਗੁਰਮਤ ਅਨੁਸਾਰ ਸਾਧ ਕੇ, ਨਾਮ ਤਤ ਨਾਲ ਤਦ ਰੂਪ ਹੋ ਜਾਂਦਾ ਹੈ। ਫੁਰਮਾਇਆ ਹੈ :

ਨਾਮੁ ਰਹਿਓ ਸਾਧੂ ਰਹਿਓ
ਰਹਿਓ ਗੁਰ ਗੋਬਿੰਦ ॥
ਕਹੁ ਨਾਨਕ ਇਹ ਜਗਤ ਮੈ
ਕਿਨ ਜਪਿਓ ਗੁਰ ਮੰਤੁ ॥੫੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਜੇ ਮਨੁੱਖ ਸਾਧ ਨਹੀਂ ਹੋਇਆ, ਭਾਵ ਉਸ ਨੇ ਮਨ ਨੂੰ ਸੋਧਣ ਤੇ ਸਾਧਨ ਦਾ ਲਕਸ਼ ਧਾਰਨ ਨਹੀਂ ਕੀਤਾ, ਤਾਂ ਪਿਆ ਤੀਰਥ ਇਸ਼ਨਾਨ ਕਰੇ, ਵਰਤ ਰੱਖੇ, ਧਾਰਮਿਕ ਚਿੰਨ੍ਹਾਂ ਦਾ ਸ਼ਿੰਗਾਰ ਕਰੇ ਅਤੇ ਹੋਰ ਮਜ੍ਹਬੀ ਕਰਮ ਕਾਂਡ ਕਰੇ, ਸਭ ਬੇਅਰਥ ਹਨ :**

**ਤੀਰਥ ਕਰੈ ਬ੍ਰਤ ਫੁਨਿ ਰਾਖੈ**
**ਨਹ ਮਨੂਆ ਬਸਿ ਜਾ ਕੋ ॥**
**ਨਿਹਫਲ ਧਰਮੁ ਤਾਹਿ ਤੁਮ ਮਾਨੋ**
**ਸਾਚੁ ਕਹਤ ਮੈ ਯਾ ਕਉ ॥੧॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਜ਼ਿੰਦਗੀ ਦਾ ਨਿਸ਼ਾਨਾ ਮਨ ਨੂੰ ਕਾਬੂ ਵਿੱਚ ਲਿਆਉਣਾ ਹੈ ।**

ਮਨੁੱਖ ਵਿੱਚ ਅਤੇ ਪਸ਼ੂ ਵਿੱਚ ਇਹ ਹੀ ਫ਼ਰਕ ਹੈ। ਮਨੁੱਖ ਆਪਣੇ ਮਨ ਪੁਰ ਝਾਤ ਰੱਖ ਸਕਦਾ ਹੈ ਅਤੇ ਇਸ ਪੁਰ ਫਤਹ ਪਾ ਸਕਦਾ ਹੈ। ਪਸ਼ੂ ਐਸਾ ਨਹੀਂ ਕਰ ਸਕਦਾ।

ਜਿਹੜਾ ਇਨਸਾਨ ਆਪਣੀ ਜ਼ਿੰਦਗੀ ਦਾ ਧੋਇ ਉੱਚਾ ਨਹੀਂ ਰੱਖਦਾ ਅਤੇ ਜੀਵਨ ਨੂੰ ਪਰਪੰਚ ਪੁਣੇ ਵਿੱਚ ਖਰਚ ਕਰ ਦੇਂਦਾ ਹੈ, ਉਹ ਪਸ਼ੂ ਸਮਾਨ ਹੈ :

ਸਾਚ ਛਾਡਿ ਕੈ ਝੂਠਹ ਲਾਗਿਓ
ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰ ਨਿਜ ਪੋਖਿਓ
ਪਸੁ ਕੀ ਨਿਆਈ ਸੋਇਓ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਨਸਾਨ ਵਿਚਾਰਾ ਵੀ ਕੀ ਕਰੇ ? ਮਨ ਦਾ ਸੋਧਨਾ ਤਾਂ ਦੂਰ ਰਿਹਾ, ਉਸ ਨੂੰ ਤਾਂ ਇਹ ਭੀ ਪਤਾ ਨਹੀਂ ਲਗਦਾ ਕਿ ਉਸ ਦਾ ਮਨ ਕਿਸ ਵਜ੍ਹਾ ਕਰਕੇ ਬੇ-ਕਾਬੂ ਹੈ ।

ਸੋ, ਜਦ ਗੁਰੂ ਸਾਹਿਬ ਜੀ ਦੇਖਦੇ ਹਨ ਕਿ ਮਨੁੱਖ ਬੇਬਸ ਹੈ, ਇਸ ਦਾ ਮਨ ਕਾਬੂ ਵਿੱਚ ਨਹੀਂ ਆਉਂਦਾ, ਤਾਂ ਉਸ ਦੇ ਰੋਗ ਦੀ ਤਸ਼ਖ਼ੀਸ ਕਰਕੇ ਦੱਸਦੇ ਹਨ ਕਿ **ਮਨ ਅੰਦਰ ਜੋ ਤ੍ਰਿਸ਼ਨਾ ਨੇ ਡੇਰਾ ਲਾਇਆ ਹੈ, ਇਸ ਕਰਕੇ ਇਹ ਟਿਕਾਓ ਵਿੱਚ ਨਹੀਂ ਆਉਂਦਾ** :

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ
ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਤ੍ਰਿਸ਼ਨਾ ਦਾ ਅਰਥ ਹੈ ਲਾਲਚ, ਦੁਨੀਆਂ ਦੇ ਪਦਾਰਥ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ । ਇਹ ਪ੍ਰਬਲ ਇੱਛਾ, ਇਹ ਤ੍ਰਿਸ਼ਨਾ ਹੀ ਫਾਹੀ ਹੈ ਜੋ ਮਨੁੱਖ ਦੇ ਮਨ ਪੁਰ ਪਈ ਹੈ । ਮੁਕਤੀ ਇਹ ਹੈ ਜੋ ਇਸ ਫਾਹੀ ਨੂੰ ਕੱਟਿਆ ਜਾਇ ।**

ਗੁਰੂ ਸਾਹਿਬ ਜੀ ਦਾ ਮੁਕਤੀ ਦਾ ਜੋ ਸੰਕਲਪ ਹੈ, ਉਹ ਹੋਰ ਮਤਾਂ ਨਾਲੋਂ ਵਿਲੱਖਣ ਹੈ। ਵੱਖ ਵੱਖ ਮਤਾਂ ਨੇ ਮੁਕਤੀ ਦੇ ਵੱਖ ਵੱਖ ਸਰੂਪ ਦੱਸੇ ਹਨ ਜਿਨ੍ਹਾਂ□ਨੂੰ ਵਿਦਵਾਨਾਂ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ :

੧. **ਨਯਾਯ ਸ਼ਾਸਤ੍ਰ** ਅਨੁਸਾਰ ਸਰੀਰ, ਮਨ, ਸਮੇਤ ਛਿਅ ਇੰਦ੍ਰੀਆ, ਇੰਦ੍ਰੀਆਂ ਦੇ ਛਿਅ ਵਿਸ਼ੇ, ਇੰਦ੍ਰੀਆਂ ਦੇ ਛਿਅ ਗਿਆਨ, ਸੁਖ ਦੁਖ, ਇਨ੍ਹਾਂ□ ਇੱਕੀਆਂ ਦੁਖਾਂ ਦਾ ਜੋ ਨਾਸ਼ ਹੋ ਜਾਣਾ ਹੈ, ਇਹ ਮੁਕਤਿ ਹੈ।

੨. **ਵਸ਼ੈਸ਼ਿਕ ਮਤ** ਅਨੁਸਾਰ ਜੀਵ ਆਤਮਾ ਨੌ ਗੁਣ (ਗਿਆਨ, ਸੁਖ, ਦੁਖ, ਇਛਾ, ਦਵੈਸ਼, ਪ੍ਰਯਤਨ, ਧਰਮ, ਅਧਰਮ ਅਤੇ ਭਾਵਨਾ) ਧਾਰਨ ਵਾਲਾ ਵਿਆਪਕ ਹੈ। ਵਿਚਾਰ ਅਤੇ ਅਭਿਆਸ ਨਾਲ ਨੌ

ਗੁਣਾਂ ਤੋਂ ਜੀਵਾਤਮਾਂ ਦਾ ਅਸੰਗ ਹੋ ਜਾਣਾ ਮੁਕਤਿ ਹੈ।

੩. **ਸਾਂਖ ਮਤ** ਅਨੁਸਾਰ ਪ੍ਰਕ੍ਰਿਤੀ ਅਤੇ ਪੁਰਸ਼ ਦਾ ਭਿੰਨ ਭਿੰਨ ਗਿਆਨ ਹੋਣ ਤੋਂ ਅਧਯਾਤਮਿਕ, ਅਧਿਭੌਤਿਕ ਅਤੇ ਅਧਿਦੈਵਿਕ ਤਿੰਨ ਪ੍ਰਕਾਰ ਦੇ ਦੁਖਾਂ ਦਾ ਪੂਰੀ ਤਰ੍ਹਾਂ ਹਟ ਜਾਣਾ ਮੁਕਤਿ ਹੈ।

੪. **ਯੋਗ ਮਤ** ਅਨੁਸਾਰ ਅਵਿਦਿਆ ਆਦਿ ਪੰਜ ਕਲੇਸ਼ਾਂ ਦਾ ਸਮਾਧਿ ਦੇ ਅਭਿਆਸ ਦਵਾਰਾ ਮਿਟ ਜਾਣਾ ਅਤੇ ਜੀਵਾਤਮਾਂ ਨੂੰ ਸਵਤੰਤ੍ਰਤਾ ਦੀ ਪ੍ਰਾਪਤੀ ਹੋਣੀ ਮੁਕਤਿ ਹੈ।

੫. **ਮੀਮਾਂਸਾ ਮਤ** ਅਨੁਸਾਰ ਅਗਨਿਹੋਤ੍ਰ, ਜਪ, ਦਾਨ ਆਦਿ ਕਰਮਾਂ ਤੋਂ ਅਖੈ ਸੁਰਗ ਸੁਖ ਦੀ ਪ੍ਰਾਪਤੀ ਮੁਕਤਿ ਹੈ।

੬. **ਵੇਦਾਂਤ ਮਤ** ਅਨੁਸਾਰ ਆਤਮ ਗਿਆਨ ਦਵਾਰਾ ਅਵਿਦਿਆ ਉਪਾਧੀ ਦੂਰ ਕਰ ਕੇ ਜੀਵ ਦਾ ਬ੍ਰਹਮ ਨਾਲ ਅਭੇਦ ਹੋਣਾ ਮੁਕਤਿ ਹੈ।

੭. **ਸ਼ੈਵ, ਵੈਸ਼ਨਵ ਆਦਿ ਮਤਾਂ** ਦੀ ਮੁਕਤਿ ਹੈ ਕਿ ਆਪਣੇ ਆਪਣੇ ਇਸ਼ਟ ਦੇਵਤਾ ਦਾ ਪੂਜਨ ਧਯਾਨ ਕਰਨ ਤੋਂ ਉਪਾਸਯ ਦੇਵਤਾ ਦੇ ਲੋਕ ਵਿੱਚ ਜਾ ਕੇ ਅਖੈ ਸੁਖ ਭੋਗਣਾ।

੮. **ਜੈਨ ਮਤ** ਅਨੁਸਾਰ ਤਪ ਅਹਿੰਸਾ ਆਦਿ ਕਰਮ ਕਰਨ ਤੋਂ ਕਰਮਾਂ ਦੇ ਬੰਧਨਾਂ ਦੇ ਅਭਾਵ ਹੋਣ ਤੇ ਜੀਵ ਦਾ ਉਚੇ ਲੋਕ ਵਿੱਚ ਲਗਾਤਾਰ ਚਲੇ ਜਾਣਾ ਅਤੇ ਮੁੜ ਹੇਠਾਂ ਨਾ ਆਉਣਾ ਮੁਕਤਿ ਹੈ।

੯. **ਇਸਲਾਮ ਮਤ** ਅਨੁਸਾਰ ਕੁਰਾਨ ਸ਼ਰੀਫ ਦੇ ਵਚਨਾਂ ਤੇ ਅਮਲ ਕਰਨਾ ਅਤੇ ਨਮਾਜ਼, ਰੋਜ਼ੇ ਆਦਿ ਪੰਜਾਂ ਨਿਯਮਾਂ ਤੇ ਪੱਕੇ ਰਹਿਣਾ, ਪੈਗੰਬਰ ਮੁਹੰਮਦ ਤੇ ਨਿਸ਼ਚਾ ਰੱਖਣਾ, ਇਸ ਤੋਂ ਕਿਆਮਤ ਦੇ ਦਿਨ ਦੇ ਫ਼ੈਸਲੇ ਅਨੁਸਾਰ ਹਮੇਸ਼ਾ ਲਈ ਬਹਿਸ਼ਤ ਦੀ ਪ੍ਰਾਪਤੀ ਮੁਕਤਿ ਹੈ।

੧੦. **ਈਸਾਈ ਮਤ** ਅਨੁਸਾਰ ਖ਼ੁਦਾ ਦੇ ਪੁਤ੍ਰ ਹਜ਼ਰਤ ਈਸਾ ਤੇ ਪੂਰਾ ਭਰੋਸਾ ਕਰਨ ਤੋਂ ਪਾਪਾਂ ਤੋਂ ਛੁਟਕਾਰਾ ਅਤੇ ਅਖੈ ਜੀਵਨ ਪਾਉਣਾ ਮੁਕਤਿ ਹੈ।

ਈਸਾਈ ਮਤ ਦਾ ਖਿਆਲ ਹੈ ਕਿ ਕੋਈ ਆਦਮੀ ਬਿਨਾਂ ਪਾਪ ਦੇ ਨਹੀਂ ਅਰ ਪਾਪ ਦਾ ਫਲ ਮੌਤ ਹੈ। ਪੈਗੰਬਰ ਈਸਾ ਨੇ ਆਪਣੇ ਪ੍ਰਾਣ ਦੇ ਕੇ ਲੋਕਾਂ ਦੇ ਪਾਪਾਂ ਦਾ ਪ੍ਰਾਯਸ਼ਚਿਤ ਕੀਤਾ ਹੈ। ਜੋ ਉਸ ਤੇ ਈਮਾਨ ਲਿਆਉਣਗੇ, ਉਹ ਪਾਪਾਂ ਤੋਂ ਛੁਟਕਾਰਾ ਪਾਉਣਗੇ ਅਤੇ ਅਵਿਨਾਸ਼ੀ ਜੀਵਨ ਪ੍ਰਾਪਤ ਕਰਨਗੇ।

੧੧. **ਬੁੱਧ ਮੱਤ** ਅਨੁਸਾਰ ਅਠ ਸ਼ੁਭ ਗੁਣਾਂ ਦੇ ਧਾਰਨ ਤੋਂ ਸਰਵ ਇੱਛਾ ਦਾ ਤਯਾਗ ਹੋਣ ਤੇ ਨਿਰਵਾਣ ਪਦ ਦੀ ਪ੍ਰਾਪਤੀ ਮੁਕਤਿ ਹੈ।

ਪ੍ਰੰਤੂ ਸਤਿਗੁਰਾਂ ਨੇ ਮੁਕਤੀ ਉਹ ਅਵਸਥਾ ਮੰਨੀ ਹੈ ਜਿਹੜੀ ਜਿਉਂਦੇ ਜੀਅ ਪ੍ਰਾਪਤ ਕਰਨੀ ਹੈ । ਉਹ ਮੁਕਤੀ ਹੁਦਾਰ ਦਾ ਸੌਦਾ ਨਹੀਂ ਜਿਹੜਾ ਕਿਸੇ ਪ੍ਰਲੋਕ ਵਿੱਚ ਜਾ ਕੇ ਪ੍ਰਾਪਤ ਹੋਵੇਗਾ ।

ਉਹ ਮੁਕਤੀ ਹੈ ਮਨੋ-ਬਿਰਤੀ ਦਾ ਕਿਸੇ ਉੱਚ-ਪੱਧਰ ਤੇ ਆ ਖੜ੍ਹਾ ਹੋਣਾ । ਉਹ ਐਸਾ ਪੱਧਰ ਹੈ ਜਿਥੇ ਦੁਨੀਆਂ ਦੇ ਬਖੇੜੇ ਭਾਵ ਸਜਨਾਈ ਦੁਸ਼ਮਣੀ, ਹਾਨ ਲਾਭ, ਹਰਖ ਸੋਗ ਆਦਿ ਆਪਣਾ ਝਖੜ ਨਹੀਂ ਪਾ ਸਕਦੇ ਅਤੇ ਮਨੋ-ਬਿਰਤੀ ਨੂੰ ਡੋਲਾਇਮਾਨ ਨਹੀਂ ਕਰ ਸਕਦੇ ।

ਸਾਹਿਬ ਫੁਰਮਾਉਂਦੇ ਹਨ :

ਦੁਖੁ ਸੁਖੁ ਏ ਬਾਧੇ ਜਿਹ ਨਾਹਨਿ
ਤਿਹ ਤੁਮ ਜਾਨਹੁ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ
ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਉਸਤਤਿ ਨਿੰਦਿਆ ਨਾਹਿ ਜਿਹਿ
ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨਿ ॥੧੪॥
ਹਰਖੁ ਸੋਗੁ ਜਾ ਕੈ ਨਹੀ
ਬੈਰੀ ਮੀਤ ਸਮਾਨ ॥
ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨ ॥੧੫॥ ...
ਜਿਹਿ ਪ੍ਰਾਨੀ ਹਉਮੈ ਤਜੀ
ਕਰਤਾ ਰਾਮ ਪਛਾਨ ॥
ਕਹੁ ਨਾਨਕ ਵਹੁ ਮੁਕਤਿ ਨਰੁ
ਇਹ ਮਨ ਸਾਚੀ ਮਾਨ ॥੧੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਹਰ ਮਨੁੱਖ, ਮੁਕਤੀ, ਬੰਦ ਖਲਾਸੀ ਅਤੇ ਸਵਤੰਤ੍ਰਤਾ ਚਾਹੁੰਦਾ ਹੈ। ਇਸ ਮੁਕਤੀ ਜਾਂ ਆਜ਼ਾਦੀ ਦਾ ਸੰਬੰਧ ਮਨ ਨਾਲ ਹੈ। ਪਰ ਮਨ ਮਗਨ ਹੈ ਹੋਰ ਹੋਰ ਖੇਡਾਂ ਵਿੱਚ। ਫਿਰ ਬੰਦ ਖਲਾਸੀ ਜਾਂ ਮੁਕਤੀ ਕਿਵੇਂ ਪ੍ਰਾਪਤ ਹੋਵੇ ?

ਉਹ ਕਿਹੜੀਆਂ ਖੇਡਾਂ ਹਨ ਜਿਨ੍ਹਾਂ ਵਿੱਚ ਮਨ ਗਲਤਾਨ ਹੈ ? ਉਸ ਦਾ ਜ਼ਿਕਰ ਗੁਰੂ ਸਾਹਿਬ ਜੀ ਕੁਝ ਇਸ ਪ੍ਰਕਾਰ ਕਰਦੇ ਹਨ :

ੴ ਸਤਿਗੁਰ ਪ੍ਰਸਾਦਿ ॥
ਰਾਗੁ ਆਸਾ ਮਹਲਾ ੯ ॥
ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ ॥੧॥ ਰਹਾਉ ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ ॥੧॥
ਮਾਨਸ ਜਨਮ ਅਕਾਰਥ ਖੋਵਤ
ਲਾਜ ਨ ਲੋਕ ਹਸਨ ਕੀ ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ
ਕੁਮਤਿ ਬਿਨਾਸੈ ਤਨ ਕੀ ॥੨॥੧॥੨੩੩॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

੧ੴ ਸਤਿਗੁਰ ਪ੍ਰਸਾਦਿ ॥
ਰਾਗੁ ਦੇਵਗੰਧਾਰੀ ਮਹਲਾ ੯ ॥
ਯਹ ਮਨੁ ਨੈਕ ਨ ਕਹਿਓ ਕਰੈ ॥
ਸੀਖ ਸਿਖਾਇ ਰਹਿਓ ਅਪਨੀ ਸੀ
ਦੁਰਮਤਿ ਤੇ ਨ ਟਰੈ ॥੧॥ ਰਹਾਉ ॥
ਮਦਿ ਮਾਇਆ ਕੈ ਭਇਓ ਬਾਵਰੋ
ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ
ਅਪਨੋ ਉਦਰੁ ਭਰੈ ॥੧॥
ਸੁਆਨ ਪੂਛ ਜਿਉ ਹੋਇ ਨ ਸੂਧੋ
ਕਹਿਓ ਨ ਕਾਨ ਧਰੈ ॥
ਕਹੁ ਨਾਨਕ ਭਜੁ ਰਾਮ ਨਾਮ ਨਿਤ
ਜਾ ਤੇ ਕਾਜੁ ਸਰੈ ॥੨॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸੋਰਠਿ ਮਹਲਾ ੯ ॥
ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸ ਬਾਸੁਰ ਬਿਖਿਅਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ
ਨਿਮਖ ਨ ਹੀਏ ਬਸਾਵੈ ॥
ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ ॥੧॥
ਮਦਿ ਮਾਇਆ ਕੈ ਭਇਓ ਬਾਵਰੋ
ਸੂਝਤ ਨਹ ਕਛੁ ਗਿਆਨਾ ॥
ਘਟ ਹੀ ਭੀਤਰਿ ਬਸਤ ਨਿਰੰਜਨੁ
ਤਾ ਕੋ ਮਰਮੁ ਨ ਜਾਨਾ ॥੨॥
ਜਬ ਹੀ ਸਰਨਿ ਸਾਧ ਕੀ ਆਇਓ
ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ
ਕਾਟੀ ਜਮ ਕੀ ਫਾਸੀ ॥੩॥੭॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਮਨੁੱਖੀ ਮਨ ਦੀ ਰੁਚੀ ਤਾਂ ਜਗਤ ਦੇ ਪਰਪੰਚ ਵਿੱਚ ਹੈ, ਲੋਭ ਵੱਸ ਇੱਧਰ ਉੱਧਰ ਭਟਕਣ ਵਿੱਚ ਹੈ, ਧਨ ਦੌਲਤ ਇਕੱਠੀ ਕਰਨ ਵਿੱਚ ਹੈ ਅਤੇ ਜ਼ਾਹਰਦਾਰੀ ਨਾਲ ਪਾਠ ਪੂਜਾ, ਤੀਰਥ ਇਸ਼ਨਾਨ ਅਤੇ ਸੇਵਾ ਕਰਦਾ ਹੈ । ਇਸ ਤਰ੍ਹਾਂ ਕਰਨ ਨਾਲ ਗੱਲ ਨਹੀਂ ਬਣਦੀ ।

ਫਿਰ ਕਹਿੰਦਾ ਹੈ ਕਿ ਧਰਮ ਵਿੱਚ ਕੁਝ ਨਹੀਂ ਜਾਂ ਕਾਰਲ ਮਾਰਕਸ (Carl Marx) ਦੇ ਸ਼ਬਦਾਂ ਦੀ ਟੂਕ ਦੇਂਦਾ ਹੈ ਕਿ ਧਰਮ ਲੋਕਾਂ ਲਈ ਅਫੀਮ ਹੈ।

ਗੁਰੂ ਸਾਹਿਬ ਜੀ ਦੱਸਦੇ ਹਨ ਕਿ ਗੱਲ ਤਦ ਬਣਦੀ ਹੈ ਜੇ ਸੱਚੇ ਤੇ ਸੁੱਚੇ ਹੋ ਕੇ, ਈਮਾਨਦਾਰੀ ਨਾਲ ਅੰਦਰਲੇ ਨੂੰ ਪ੍ਰਭੂ ਸਿਮਰਨ ਨਾਲ ਭਰਪੂਰ ਕਰ ਲਈਏ ।

ਜਿਹ ਘਟਿ ਸਿਮਰਨੁ ਰਾਮ ਕੋ
ਸੋ ਨਰੁ ਮੁਕਤਾ ਜਾਨੁ ॥
ਤਿਹਿ ਨਰ ਹਰਿ ਅੰਤਰੁ ਨਹੀ
ਨਾਨਕ ਸਾਚੀ ਮਾਨੁ ॥੪੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਨਕ ਮੁਕਤਿ ਤਾਹਿ ਤੁਮ ਮਾਨਹੁ
ਜਿਹ ਘਟਿ ਰਾਮੁ ਸਮਾਵੈ ॥੨॥੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਇਸ ਜ਼ਮਾਨੇ ਵਿੱਚ ਮੁਕਤੀ ਦਾ ਅਖਤਿਆਰ ਪ੍ਰਭੂ ਦੇ ਭਜਨ-ਸਿਮਰਨ ਵਿੱਚ ਹੈ, ਹੋਰ ਕਿਸੇ ਸਾਧਨ ਵਿੱਚ ਨਹੀਂ । ਜਿਸ ਨੇ ਇਸ ਰਾਜ਼ ਨੂੰ ਸਮਝ ਲਿਆ ਅਤੇ ਅਪਣਾ ਲਿਆ, ਉਹ ਮਾਲਾਮਾਲ ਹੋ ਗਿਆ ।**

ਕਉਨੁ ਕਰਮ ਬਿਦਿਆ ਕਹੁ ਕੈਸੀ
ਧਰਮੁ ਕਉਨੁ ਫੁਨਿ ਕਰਈ ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ
ਭਵ ਸਾਗਰ ਕਉ ਤਰਈ ॥੧॥
ਕਲ ਮੈ ਏਕੁ ਨਾਮੁ ਕਿਰਪਾਨਿਧਿ
ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮ ਨਾਹਨਿ
ਇਹ ਬਿਧਿ ਬੇਦੁ ਬਤਾਵੈ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ
ਮੂੜ ਤਾਹਿ ਬਿਸਰਾਵੈ ॥
ਜਨ ਨਾਨਕ ਕੋਟਨ ਮੈ ਕੋਊ
ਭਜਨੁ ਰਾਮ ਕੋ ਪਾਵੈ ॥੨॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਲ ਮੈ ਮੁਕਤਿ ਨਾਮ ਤੇ ਪਾਵਤ
ਗੁਰ ਯਹ ਭੇਦੁ ਬਤਾਵੈ ॥
ਕਹੁ ਨਾਨਕ ਸੋਈ ਨਰੁ ਗਰੂਆ
ਜੋ ਪ੍ਰਭ ਕੇ ਗੁਨ ਗਾਵੈ ॥੩॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਰਤਨ ਜਨਮੁ ਅਪਨੋ ਤੈ ਹਾਰਿਓ
ਗੋਬਿੰਦ ਗਤਿ ਨਹੀ ਜਾਨੀ ॥
ਨਿਮਖ ਨ ਲੀਨ ਭਇਓ ਚਰਨਨ ਸਿੰਉ
ਬਿਰਥਾ ਅਉਧ ਸਿਰਾਨੀ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ
ਬਿਰਥਾ ਜਨਮੁ ਗਵਾਇਓ ॥੨॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕੀਏ ਉਪਾਵ ਮੁਕਤਿ ਕੇ ਕਾਰਨਿ
ਦਹ ਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ
ਤਾ ਕੋ ਮਰਮੁ ਨ ਪਾਇਆ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਹ ਬਿਧਿ ਗੁਰ ਉਪਦੇਸਿਆ
ਸੋ ਸੁਨੁ ਰੇ ਭਾਈ ॥
ਨਾਨਕ ਕਹਤ ਪੁਕਾਰਿ ਕੈ
ਗਹੁ ਪ੍ਰਭ ਸਰਨਾਈ ॥੩॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਬੇਦ ਪੁਰਾਨ ਜਾਸ ਗੁਨ ਗਾਵਤ
ਤਾ ਕੋ ਨਾਮੁ ਹੀਐ ਮੋ ਧਰੁ ਰੇ ॥
ਪਾਵਨ ਨਾਮੁ ਜਗਤਿ ਮੈ ਹਰਿ ਕੋ
ਸਿਮਰਿ ਸਿਮਰਿ ਕਸਮਲ ਸਭ ਹਰੁ ਰੇ॥੧॥
ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ ॥
ਨਾਨਕ ਕਹਤ ਗਾਇ ਕਰੁਨਾਮੈ
ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਉੱਪਰਲੇ ਪ੍ਰਮਾਣ ਗੁਰੂ ਸਾਹਿਬ ਜੀ ਦੇ ਸਿਧਾਂਤ ਨੂੰ ਸਪੱਸ਼ਟ ਕਰਦੇ ਹਨ ਕਿ :

੧. **ਮਾਨਸ ਦੇਹ ਦਾ ਮਿਲਣਾ ਇੱਕ ਅਮੋਲਕ ਦਾਤ ਹੈ, ਮੁੜ ਮਿਲੇ ਕਿ ਨਾ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ।**

੨. ਮਨੁੱਖਾ ਜਨਮ ਮੌਕਾ ਹੈ ਜਿਸ ਕਰਕੇ ਅੰਦਰੋਂ ਨਾਮ ਤਤ ਪ੍ਰਾਪਤ ਕੀਤਾ ਜਾ ਸਕਦਾ ਹੈ । ਹੋਰ ਜੂਨੀਆਂ ਲਈ ਇਹ ਮੌਕਾ ਨਹੀਂ । ਨਾਮ ਤਤ ਨੂੰ ਪਾਉਣਾ ਹੀ ਮੁਕਤਿ ਪਦ ਨੂੰ ਪਾਉਣਾ ਹੈ ।

੩. ਮੁਕਤਿ ਪਦ, ਜਾਂ ਮਨ ਦੀ ਉਹ ਅਵਸਥਾ ਜਿਥੇ ਦੁਨੀਆਂ ਦੇ ਬਖੇੜੇ ਅਤੇ ਦੁਨੀਆਂ ਦੀ ਗ਼ਮੀ ਖੁਸ਼ੀ ਅਤੇ ਹਾਨ ਲਾਭ ਦੇ ਥਪੇੜੇ ਆਪਣੀ ਮਾਰ ਨਹੀਂ ਕਰ ਸਕਦੇ, ਪ੍ਰਭੂ ਭਜਨ ਨਾਲ ਪ੍ਰਾਪਤ ਹੁੰਦੀ ਹੈ ।

੪. ਪ੍ਰਭੂ ਭਜਨ ਦੇ ਅੰਗ ਹਨ : ਹਰਿ ਜਪ, ਹਰਿ ਜਸ ਅਤੇ ਹਰਿ ਸਿਮਰਨ । ਪ੍ਰੰਤੂ ਇਹ ਭਜਨ ਤਾਂ ਸਫਲ ਹੁੰਦਾ ਹੈ ਜੇ ਮਾਨ ਅਤੇ ਮੋਹ ਦੇ ਖਿਆਲ ਤੋਂ ਉੱਪਰ ਉੱਠ ਕੇ ਕੀਤਾ ਜਾਵੇ । ਵਰਨਾ ਗਿਰਾਵਟ ਦਾ ਖਤਰਾ ਹੈ ।

ਮਾਨ ਮੋਹ ਦੋਨੋ ਕਉ ਪਰਹਰਿ
ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ
ਜੀਵਨ ਮੁਕਤਿ ਕਹਾਵੈ ॥੨॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਤਜਿ ਅਭਿਮਾਨੁ ਸਰਣਿ ਸੰਤਨ ਗਹੁ
ਮੁਕਤਿ ਹੋਹਿ ਛਿਨ ਮਾਹੀ ॥
ਜਨ ਨਾਨਕ ਭਗਵੰਤ ਭਜਨ ਬਿਨੁ
ਸੁਖੁ ਸੁਪਨੈ ਭੀ ਨਾਹੀ ॥੨॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰੂ ਸਾਹਿਬ ਜੀ ਦੇ ਮੁਕਤਿ ਪੰਥ ਨੂੰ ਧਾਰਨ ਕਰਨ ਲਈ, ਇਹ ਕੋਈ ਸ਼ਰਤ ਨਹੀਂ ਕਿ ਮਨੁੱਖ ਪੈਦਾਇਸ਼ ਤੋਂ ਹੀ ਨੇਕ ਹੋਵੇ, ਪਾਪ ਰਹਿਤ ਹੋਵੇ ।

ਇਹ ਪੰਥ ਪਾਪੀ ਲਈ ਉਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਪੁੰਨੀ ਲਈ । ਬਲਕਿ ਹੋ ਸਕਦਾ ਹੈ, ਪਾਪੀ ਨੂੰ ਪਾਪ ਦੇ ਅਹਿਸਾਸ ਨੇ ਨਿਰਮਾਨ ਕਰ ਦਿੱਤਾ ਹੋਵੇ ਅਤੇ ਉਹ ਜਲਦੀ ਮੁਕਤਿ ਪਦ

ਨੂੰ ਪਾ ਜਾਇ ਅਤੇ ਪੁੰਨੀ ਆਪਣੇ ਸ਼ੁਭ ਆਚਾਰ ਦੀ ਹਉਮੈ ਵਿੱਚ ਫਾਥਾ ਇਸ ਪਦ ਤੋਂ ਵਾਂਞਾ ਹੀ ਰਹਿ ਜਾਇ ।

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ :

ਮਹਾ ਪਤਿਤ ਮੁਗਧ ਲੋਭੀ ਫੁਨਿ
ਕਰਤ ਪਾਪ ਅਬ ਹਾਰਾ ॥
ਭੈ ਮਰਬੇ ਕੋ ਬਿਸਰਤ ਨਾਹਿਨ
ਤਿਹ ਚਿੰਤਾ ਤਨੁ ਜਾਰਾ ॥੧॥
ਕੀਏ ਉਪਾਵ ਮੁਕਤਿ ਕੇ ਕਾਰਨਿ
ਦਹ ਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ
ਤਾ ਕੋ ਮਰਮੁ ਨ ਪਾਇਆ ॥੨॥
ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ
ਕਉਨੁ ਕਰਮੁ ਅਬ ਕੀਜੈ ॥
ਨਾਨਕ ਹਾਰਿ ਪਰਿਓ ਸਰਨਾਗਤਿ
ਅਭੈ ਦਾਨੁ ਪ੍ਰਭ ਦੀਜੈ ॥੩॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਜਾਮਲ ਕਉ ਅੰਤ ਕਾਲ ਮੈ
ਨਾਰਾਇਨ ਸੁਧਿ ਆਈ ॥
ਜਾਂ ਗਤਿ ਕਉ ਜੋਗੀਸੁਰ ਬਾਛਤ
ਸੋ ਗਤਿ ਛਿਨ ਮਹਿ ਪਾਈ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤ ਚਿੰਤਾਮਨਿ
ਤੈ ਭੀ ਉਤਰਹਿ ਪਾਰਾ ॥੩॥੪॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਤਿਤ ਪੁਨੀਤ ਦੀਨ ਬੰਧ ਹਰਿ
ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ
ਤੁਮ ਕਾਹੇ ਬਿਸਰਾਵਉ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਰਿ ਸਾਧਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ**
**ਭਜਿ ਲੇ ਨਾਮੁ ਮੁਰਾਰਿ ॥**
**ਕਹੁ ਨਾਨਕ ਨਿਜ ਮਤੁ ਸਾਧਨ ਕਉ**
**ਭਾਖਿਓ ਤੋਹਿ ਪੁਕਾਰਿ ॥੨॥੮॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸੱਚੀ ਗੱਲ ਤਾਂ ਇਹ ਹੈ ਕਿ ਕੋਈ ਵੀ ਪ੍ਰਾਣੀ ਇਹ ਨਹੀਂ ਕਹਿ ਸਕਦਾ ਕਿ ਉਹ ਪੂਰਨ ਨੇਕ ਹੈ ਭਾਵੇਂ ਉਹ ਕਿਤਨੀਆਂ ਡੀਂਗਾਂ ਪਿਆ ਮਾਰੇ। ਉਚਿਤ ਇਹ ਹੀ ਹੈ ਕਿ :

**ਮਹਾ ਪਤਿਤ ਮੁਗਧ ਲੋਭੀ ਫੁਨਿ**
**ਕਰਤ ਪਾਪ ਅਬ ਹਾਰਾ ॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦਾ ਰਵੱਈਆ ਅਪਣਾਂਦਾ ਹੋਇਆ ਹਰਿ ਜਪ, ਹਰਿ ਜਸੁ ਅਤੇ ਹਰਿ ਸਿਮਰਨ ਵਿੱਚ ਜੁਟ ਪਏ।

ਹਰਿ ਜਪ, ਹਰਿ ਜਸ ਅਤੇ ਹਰਿ ਸਿਮਰਨ ਤੋਂ ਕੀ ਭਾਵ ਹੈ ? ਇਸ ਬਾਰੇ ਕੁਝ ਵਿਚਾਰ ਕਰਨੀ ਹੈ।

# ਹਰਿ ਜਪ

**ਜਪ ਦਾ ਅਰਥ ਹੈ ਮਨ ਵਿੱਚ ਕਹਿਣਾ, ਬਾਰ ਬਾਰ ਕਹਿਣਾ ।** ਗ੍ਰੰਥਕਾਰਾਂ ਨੇ ਜਪ ਦੇ ਤਿੰਨ ਮੁੱਖ ਤਰੀਕੇ ਮੰਨੇ ਹਨ :

੧. ਵਾਚਿਕ - ਜੋ ਸਪੱਸ਼ਟ ਅੱਖਰਾਂ ਵਿੱਚ ਕੀਤਾ ਜਾਇ, ਜਿਸ ਨੂੰ ਪੜ੍ਹਨ ਸੁਣਨ ਨਾਲ ਅਰਥਾਂ ਦੀ ਸਮਝ ਆ ਸਕੇ। ਗੁਰਮੰਤ੍ਰ ਜਪ ਅਤੇ ਬਾਣੀ ਦਾ ਪਾਠ ਇਸੇ ਵਿੱਚ ਆ ਜਾਂਦੇ ਹਨ।

੨. ਉਪਾਂਸ਼ - ਜੋ ਮੂੰਹ ਵਿੱਚ ਬਹੁਤ ਧੀਮੀ ਆਵਾਜ਼ ਨਾਲ ਕੀਤਾ ਜਾਂਦਾ ਹੈ। ਸਿਰਫ ਬੁੱਲ੍ਹ ਫਰਕਦੇ ਦਿੱਸਦੇ ਹਨ, ਸੁਣੀਂਦਾ ਕੁਝ ਨਹੀਂ।

੩. ਮਾਨਸ - ਜੋ ਮਨ ਦੇ ਚੇਤੇ ਨਾਲ ਕੀਤਾ ਜਾਂਦਾ ਹੈ।

**ਜਪ ਦਾ ਕਿਹੜਾ ਤਰੀਕਾ ਅਪਣਾਇਆ ਜਾਇ - ਇਸ ਬਾਰੇ ਹਰ ਪੁਰਸ਼ ਨੂੰ ਆਪਣੀ ਅਵਸਥਾ ਤੋਂ ਆਪ ਜਾਂਚ ਕਰਨੀ ਪੈਂਦੀ ਹੈ ।** ਜਪ ਦਾ ਪ੍ਰਯੋਜਨ ਹੈ ਅਕਾਲ ਪੁਰਖ ਦੇ ਤਸੱਵਰ ਨੂੰ ਆਪਣੇ ਮਨ ਦੀ ਤਹਿ ਵਿੱਚ ਬਿਠਾਣਾ। ਚੂੰਕਿ ਮਨ ਹਰ ਵੇਲੇ ਕਲਪਨਾ ਕਰਦਾ ਰਹਿੰਦਾ ਹੈ। ਇਸ ਲਈ, ਮਹਾਂਪੁਰਖਾਂ ਨੇ ਵਿਧੀ ਦੱਸੀ ਹੈ ਕਿ ਹਰ ਕਲਪਨਾ ਤੋਂ ਇਸ ਨੂੰ ਹੋੜ ਕੇ, ਗੁਰੂ ਸ਼ਬਦ ਵਿੱਚ ਇਸ ਨੂੰ ਜੋੜੋ।

**ਜ਼ਬਾਨ ਅਤੇ ਮਨ ਦੋਵੇਂ ਇੱਕਸੁਰ ਕਰਨੇ - ਇਹ ਜਪ ਦਾ ਮਨੋਰਥ ਹੈ ।** ਇਸ ਤਰ੍ਹਾਂ ਕਰਨ ਨਾਲ, ਉਪਾਸਯ ਦਾ ਤਸੱਵਰ ਤਹਿ ਦਿਲ ਵਿੱਚ ਜਾ ਬੈਠਦਾ ਹੈ।

# ਹਰਿ ਜਸ ਜਾਂ ਕੀਰਤਨ

ਕੀਰਤਨ ਭੀ ਇੱਕ ਟੇਕ ਹੈ, ਆਸਰਾ ਹੈ ਮਨ ਨੂੰ ਟਿਕਾਣ ਦਾ, ਇੱਕ ਚਿੱਤ ਕਰਨ ਦਾ। **ਕੀਰਤਨ ਸਾਧਨ ਹੈ, ਲਕਸ਼ ਨਹੀਂ ।** ਲਕਸ਼ ਹੈ :

**ਮਾਨਸ ਦੇਹ ਪਾਇ ਪਦ ਹਰਿ ਭਜੁ**
**ਨਾਨਕ ਬਾਤ ਬਤਾਈ ॥੩॥੩॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਬਾਤ ਹੀ ਇਨਸਾਨ ਭੁੱਲ ਗਿਆ ਹੈ। **ਹਰੀ ਅੰਦਰ ਹੈ, ਇਹ ਬਾਹਰ ਲੱਗਾ ਹੋਇਆ ਹੈ । ਕੀਰਤਨ ਇਸ ਨੂੰ ਮੋੜ ਅੰਦਰ ਲੈ ਜਾਣ ਦਾ ਵਸੀਲਾ ਹੈ ।** ਸੁਰਤਿ ਜਾਂ ਚੇਤਨਧਾਰਾ ਕੰਨਾਂ ਦਵਾਰਾ ਤਥਾ ਅੱਖਾਂ ਦਵਾਰਾ ਬਾਹਰ ਜੁੜੀ ਹੈ ਅਤੇ ਖਿੰਡੀ ਹੈ। ਕੀਰਤਨ ਸੁਰਤ ਨੂੰ ਸਮੇਟਦਾ ਹੈ। ਗੁਰਬਾਣੀ, ਜੋ ਕੀਰਤਨ ਵਿੱਚ ਗਾਈ ਜਾਂਦੀ ਹੈ, ਸੁਰਤ ਨੂੰ ਅੰਦਰ ਧਕੇਲਦੀ ਹੈ।

ਵਾਜੇ ਤੇ ਸਾਜ਼, ਰਾਗ ਅਤੇ ਜੁੜ ਬੈਠਣਾ - ਕੀਰਤਨ ਵਿੱਚ ਮਦਦ ਦੇਂਦੇ ਹਨ। ਕੀਰਤਨ, ਬਾਣੀ ਦੇ ਜ਼ਰੀਏ, ਮਨ ਨੂੰ ਬਾਣੀ ਦੇ ਭਾਵਾਂ ਵਿੱਚ ਜੋੜਦਾ ਹੈ, ਵਾਹਿਗੁਰੂ ਦੀ ਸਿਫਤ ਸਲਾਹ ਵਿੱਚ ਅਤੇ ਅਰਦਾਸ ਵਿੱਚ ਲਿਆਉਂਦਾ ਹੈ। ਇਸ ਤਰ੍ਹਾਂ□ਕਰਨ ਨਾਲ, ਮਨ ਦੀ ਮੈਲ ਕੱਟੀ ਜਾਂਦੀ ਹੈ।

**ਗੁਨ ਗਾਵਤ ਤੇਰੀ ਉਤਰਸਿ ਮੈਲੁ ॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਨਾਨਕ ਹਰਿ ਜਸੁ ਕਿਉ ਨਹੀ ਗਾਵਤ**
**ਕੁਮਤਿ ਬਿਨਾਸੈ ਤਨ ਕੀ ॥੨॥੧॥੨੩੩॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਗੁਰੂ ਘਰ ਦਾ ਨਿਸ਼ਾਨਾ ਰਾਗੀ ਬਣਨਾ ਨਹੀਂ, ਕੀਰਤਨੀਏ ਹੋਣ ਦਾ ਹੈ ।** ਗਾਉਣਾ, ਸੁਣਨਾ ਅਤੇ ਖਾਲਕ ਤੇ ਉਸ ਦੀ ਖਲਕਤ ਨਾਲ ਪ੍ਰੀਤੀ ਕਰਨੀ - ਇਹ ਕੀਰਤਨ ਦੇ ਅੰਗ ਹਨ। ਐਸੀ ਧਾਰਣਾ ਪਕਾਣ ਨਾਲ ਬਿਰਤੀ ਅੰਤਰਮੁਖ ਹੁੰਦੀ ਹੈ ਅਤੇ ਟਿਕਾਓ ਵਿੱਚ ਜਾਂਦੀ ਹੈ।

ਅੰਤਰਮੁਖ ਹੋਣਾ, ਕਲਪਣਾ ਰਹਿਤ ਹੋਣਾ ਅਤੇ ਚਿੱਤ ਪ੍ਰਭੂ ਵਿੱਚ ਜੋੜਨਾ ਮੁਕਤਿ ਪੰਥ ਵੱਲ ਤੁਰਨਾ ਹੈ ।

ਤਜਿ ਅਭਿਮਾਨੁ ਮੋਹ ਮਾਇਆ
ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ
ਗੁਰਮੁਖਿ ਹੋਇ ਤੁਮ ਪਾਵਉ ॥੨॥੫॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ ॥
ਨਾਨਕ ਭਉਜਲੁ ਪਾਰਿ ਪਰੈ
ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਹਰਿ ਸਿਮਰਨ

ਜਪ, ਸਿਮਰਨ ਤੇ ਕੀਰਤਨ ਇੱਕ ਦੂਜੇ ਦੇ ਪੂਰਕ ਹਨ। ਇਹ ਭਜਨ ਦੇ ਤਿੰਨ ਅੰਗ ਹਨ, ਜਿਵੇਂ ਉਂਗਲੀ ਦੇ ਪੋਟੇ।

**ਸਿਮਰਨ ਹੈ ਪ੍ਰਭੂ ਯਾਦ ਵਿੱਚ ਬਿਰਤੀ ਦਾ ਟਿਕ ਜਾਣਾ ।**

ਪ੍ਰਭੂ ਵਿਸਰਿਆ ਕਿਉਂ ਹੈ ?

ਇਸ ਲਈ ਕਿਉਂਕਿ ਇਨਸਾਨ ਨੇ ਉਹਨਾਂ ਕੀਮਤਾਂ ਤੇ ਕਦਰਾਂ ਨੂੰ ਅਪਣਾਇਆ ਹੋਇਆ ਹੈ, ਜਿਹੜੀਆਂ ਗਲਤ ਹਨ, ਵਾਸਤਵਿਕ ਨਹੀਂ। ਇਹਨਾਂ ਗਲਤ ਕੀਮਤਾਂ ਨੇ ਇਸ ਨੂੰ ਆਪਣੇ ਵਿੱਚ ਜਕੜ ਲਿਆ ਹੈ, ਜਿਸ ਕਰਕੇ ਪ੍ਰਭੂ ਵਿਸਰ ਗਿਆ ਹੈ।

ਕਾਮ ਕ੍ਰੋਧੁ ਮੋਹ ਬਸਿ ਪ੍ਰਾਨੀ
ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ
ਜਿਉ ਸੁਪਨਾ ਰੈਨਾਈ ॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗਉੜੀ ਮਹਲਾ ੯ ॥
ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮੈ
ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥
ਪੂਤ ਮੀਤ ਮਾਇਆ ਮਮਤਾ ਸਿਉ
ਇਹ ਬਿਧਿ ਆਪੁ ਬੰਧਾਵੈ ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹ ਜਗ
ਦੇਖਿ ਤਾਸਿ ਉਠਿ ਧਾਵੈ ॥੧॥
ਭੁਗਤਿ ਮੁਕਤਿ ਕਾ ਕਾਰਨੁ ਸੁਆਮੀ
ਮੂੜ ਤਾਹਿ ਬਿਸਰਾਵੈ ॥
ਜਨ ਨਾਨਕ ਕੋਟਨ ਮੈ ਕੋਊ
ਭਜਨੁ ਰਾਮ ਕੋ ਪਾਵੈ ॥੨॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਿਮਰਨ ਇਹਨਾਂ ਗਲਤ ਕੀਮਤਾਂ ਤੇ ਕਦਰਾਂ ਦੀ ਪਕੜ ਵਿੱਚੋਂ ਰਿਹਾਈ ਕਰਾਉਣ ਦਾ ਸਾਧਨ ਹੈ। **ਸਿਮਰਨ ਦਾ ਅਰਥ ਹੈ ਯਾਦ ਕਰਨਾ ।** ਯਾਦ ਹੁਣ ਵੀ ਹੋ ਰਹੀ ਹੈ। ਇਹ ਯਾਦ ਹੈ "ਅਹਿਨਿਸਿ ਮਗਨੁ ਰਹੈ ਮਾਇਆ ਮੈ" ਦੀ।

ਅਹਿਨਿਸਿ ਮਗਨੁ ਰਹੈ ਮਾਇਆ ਮੈ
ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪ੍ਰਭੂ ਸਿਮਰਨ ਇਸ ਯਾਦ ਦੇ ਗੇੜ ਨੂੰ ਉਲਟਾਂਦਾ ਹੈ । ਜਿਉਂ ਜਿਉਂ ਯਾਦ ਦਾ ਗੇੜ ਉਲਟੇ, ਤਿਉਂ ਤਿਉਂ ਮੁਕਤਿ ਪੰਥ ਵੱਲ ਤਰੱਕੀ ਹੁੰਦੀ ਹੈ । ਤਰੱਕੀ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਅੰਦਰ ਇੱਕ ਰਸ, ਇੱਕ ਖੇੜਾ, ਇੱਕ ਹਲਕਾਪਨ ਮਹਿਸੂਸ ਹੋਣ ਲੱਗ ਜਾਂਦਾ ਹੈ । ਬਾਣੀ ਆਪਣੇ ਰਹੱਸਮਈ ਅਰਥ ਦੇਣ ਲੱਗ ਜਾਂਦੀ ਹੈ । ਗੁੱਝੇ ਭੇਦ ਉੱਘੜਨੇ ਸ਼ੁਰੂ ਹੋ ਜਾਂਦੇ ਹਨ ।

ਸਿਮਰਨ ਤੇ ਵਿਸਰਨ ਇਕੱਠੇ ਚੱਲਦੇ ਹਨ। ਸਿਮਰਨ ਦਾ ਸਿਖਰ ਹੈ - ਅੰਦਰੋਂ ਸਭ ਕੁਝ ਭੁੱਲ ਜਾਇ ਸਿਵਾਇ ਇੱਕ ਪ੍ਰਭੂ ਦੇ।

ਸਭੇ ਗਲਾ ਵਿਸਰਨੁ
ਇਕੋ ਵਿਸਰਿ ਨ ਜਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਭਾਵ ਹੋਰ ਸਭ ਯਾਦਾਂ ਤੇ ਤਸੱਵਰ ਅੰਦਰੋਂ ਨਫੀ ਹੋ ਜਾਣ, ਸਿਰਫ ਪ੍ਰਭੂ ਦੀ ਯਾਦ ਤੇ ਤਸੱਵਰ ਹੀ ਰਹਿ ਜਾਣ। ਇਹ ਅਵਸਥਾ ਲੰਮੇ ਸਫਰ ਬਾਅਦ ਆਉਂਦੀ ਹੈ।

ਵਾਸਤਵ ਵਿੱਚ ਪ੍ਰਾਣੀ ਇਥੋਂ ਤੱਕ ਹੀ ਸਫਰ ਕਰਨ ਦੀ ਸਮਰੱਥਾ ਰੱਖਦਾ ਹੈ। ਅੱਗੇ ਮਿਹਰ ਲਈ, ਦਇਆਲਤਾ ਲਈ, ਸ਼ਰਨ ਲਈ, ਨਦਰ ਲਈ, ਤਰਲਾ ਹੈ। ਵੈਸੇ ਤਾਂ ਭਜਨ ਬੰਦਗੀ ਦਾ ਆਗਾਜ਼ ਹੀ ਨਿਰਮਾਣਤਾ ਤੋਂ ਹੁੰਦਾ ਹੈ ਪਰ ਇਥੇ ਪਹੁੰਚ ਕੇ ਤਾਂ ਸਿਰਫ ਤਰਲਾ ਅਤੇ ਅਧੀਨਗੀ ਹੀ ਰਹਿ ਜਾਂਦੇ ਹਨ।

ਜਨ ਨਾਨਕ ਮੈ ਨਾਹਿ ਕੋਊ ਗੁਨੁ
ਰਾਖਿ ਲੇਹੁ ਸਰਨਾਈ ॥੨॥੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਨਕ ਲਾਜ ਬਿਰਦ ਕੀ ਰਾਖਹੁ
ਨਾਮੁ ਤੁਹਾਰਉ ਲੀਨਉ ॥੩॥੯॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਹੁ ਨਾਨਕ ਹਰਿ ਬਿਰਦੁ ਪਛਾਨਉ
ਭੂਲੇ ਸਦਾ ਪਰਾਨੀ ॥੩॥੧੦॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਨਕ ਹਾਰਿ ਪਰਿਓ ਸਰਨਾਗਤਿ
ਅਭੈ ਦਾਨੁ ਪ੍ਰਭ ਦੀਜੈ ॥੩॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਨਕ ਸਰਨਿ ਪਰਿਓ ਜਗ ਬੰਦਨ
ਰਾਖਹੁ ਬਿਰਦੁ ਤੁਹਾਰਾ ॥੨॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਹ ਨਰ ਜਸੁ ਕਿਰਪਾਨਿਧਿ ਗਾਇਓ
ਤਾ ਕਉ ਭਇਓ ਸਹਾਈ ॥
ਕਹੁ ਨਾਨਕ ਮੈ ਇਹੀ ਭਰੋਸੈ
ਗਹੀ ਆਨਿ ਸਰਨਾਈ ॥੨॥੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਇੱਕ ਚਿਤ ਸਿਮਰਨ-ਯਾਦ ਵਿੱਚ ਕਾਇਮ ਰਹਿਣ ਨਾਲ ਅਤੇ ਤਰਲੇ ਭਾਵਾਂ ਵਿੱਚ ਗਿਆਂ, ਜਦ ਐਸਾ ਜੀਵਨ ਦਾ ਅੰਗ ਬਣ ਜਾਇ, ਤਾਂ ਕਦੀ ਨਦਰ ਹੁੰਦੀ ਹੈ ਅਤੇ ਜੋਤਿ ਸਰੂਪੀ ਆਪਾ ਅੰਦਰ ਕਦੇ-ਕਦੇ ਝਲਕਾਰੇ ਮਾਰਨ ਲੱਗ ਜਾਂਦਾ ਹੈ ।**

ਇਹ ਹੀ ਰਾਹ ਹੈ ਆਪਾ ਚੀਣਨ ਦਾ ਜਿਸ ਕਰਕੇ ਦ੍ਰਿਸ਼ਟੀ ਤੋਂ ਭਰਮ ਤੇ ਭੁਲੇਖੇ ਦੂਰ ਹੋਣ ਲੱਗ ਜਾਂਦੇ ਹਨ।▼

ਇਸ ਅਵਸਥਾ ਪੁਰ ਪਹੁੰਚਿਆ ਪੁਰਸ਼ ਮੁਕਤਿ ਪਦ ਨੂੰ ਪ੍ਰਾਪਤ ਹੁੰਦਾ ਹੈ। ਇਹ ਆਦਰਸ਼ਕ ਅਵਸਥਾ ਜਿਥੇ ਨਫਾ ਨੁਕਸਾਨ, ਦੁਖ-ਸੁਖ, ਹਰਖ ਸੋਗ, ਕਾਮ ਕ੍ਰੋਧ, ਆਸ਼ਾ ਮਨਸ਼ਾ ਆਦਿ ਡੋਲਾਇਮਾਨ ਨਹੀਂ ਕਰ ਸਕਦੇ।

---

▼

ਜਦ ਤੱਕ ਆਪਾ ਨਹੀਂ ਚੀਨਿਆ, ਤਦ ਤੱਕ ਭਰਮ ਦੂਰ ਨਹੀਂ ਹੋਇਆ ਅਤੇ ਮੁਕਤਿ ਪੰਥ ਤੇ ਨਹੀਂ ਪਹੁੰਚ ਹੋਈ।

**ਜਨ ਨਾਨਕ ਬਿਨੁ ਆਪਾ ਚੀਨੈ**

**ਮਿਟੈ ਨ ਭ੍ਰਮ ਕੀ ਕਾਈ ॥੨॥੧॥**

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨੌਵੇਂ ਪਾਤਸ਼ਾਹ ਜੀ ਦਾ ਜੀਵਨ ਇਸ ਬਾਤ ਦਾ ਪਰਤੱਖ ਪਰਮਾਣ ਹੈ। ਐਸੀ ਅਵਸਥਾ ਦਾ ਜ਼ਿਕਰ ਆਪ ਜੀ ਦੀ ਬਾਣੀ ਵਿੱਚ ਇਸ ਪ੍ਰਕਾਰ ਮਿਲਦਾ ਹੈ :

ਸੋਰਠਿ ਮਹਲਾ ੯ ॥
ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ

ਐਸੀ ਅਵਸਥਾ ਨੂੰ ਪ੍ਰਾਪਤ ਕਰ ਸਕਣਾ ਬਹੁਤ ਮੁਸ਼ਕਿਲ ਹੈ। ਕੋਈ ਵਿਰਲਾ ਹੀ ਇਸ ਪਦ ਨੂੰ ਪ੍ਰਾਪਤ ਹੁੰਦਾ ਹੈ।

ਮਨ, ਜਿਸਨੂੰ ਅਸਾਧ ਕਿਹਾ ਗਿਆ ਹੈ ਅਤੇ ਜੋ ਸਭ ਨੂੰ ਭੁਆਈ ਫਿਰਦਾ ਹੈ, ਇਥੇ ਸ਼ਾਂਤ ਹੋ ਜਾਂਦਾ ਹੈ। ਸ਼ਾਸਤਰਾਂ ਨੇ ਮਨ ਨੂੰ ਹਵਾ ਵਾਂਗ ਚੰਚਲ ਅਤੇ ਹਾਥੀ ਦੀ ਨਿਆਈ ਬਲਵਾਨ ਕਿਹਾ ਹੈ - ਜੋ ਕਾਬੂ ਨਹੀਂ ਆਉਂਦਾ। ਪਰ ਇਸ ਅਵਸਥਾ ਨੂੰ ਪਹੁੰਚੇ ਪੁਰਸ਼ ਦਾ ਮਨ ਬਿਲਕੁੱਲ ਬੇਅਸਰ ਹੋ ਗਿਆ ਹੁੰਦਾ ਹੈ।

**ਪੂਰੇ ਟਿਕਾਉ ਵਿੱਚ ਗਏ ਮਨ ਅੰਦਰ ਨਾਮ ਪ੍ਰਵੇਸ਼ ਕਰਦਾ ਹੈ ਅਤੇ ਨਾਮ ਕਰਕੇ ਮਨ ਬਿਸਰਾਮ ਵਿੱਚ ਚਲਾ ਜਾਂਦਾ ਹੈ ।**

ਬਸੰਤੁ ਮਹਲਾ ੯ ॥
ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ
ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ
ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ
ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ
ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ
ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲੁ ਕਿਰਪਾਨਿਧਿ
ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ
ਕੋਊ ਗੁਰਮੁਖਿ ਪਾਵੈ ॥੩॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਗਰੀ ਏਕੈ ਨਉ ਦਰਵਾਜੇ
ਧਾਵਤੁ ਬਰਜਿ ਰਹਾਈ ॥
ਤ੍ਰਿਕੁਟੀ ਛੂਟੈ ਦਸਵਾਦਰੁ ਖੂਲੈ
ਤਾ ਮਨੁ ਖੀਵਾ ਭਾਈ ॥੩॥
ਅਭੈ ਪਦ ਪੂਰਿ ਤਾਪ ਤਹ ਨਾਸੇ
ਕਹਿ ਕਬੀਰ ਬੀਚਾਰੀ ॥
ਉਬਟ ਚਲੰਤੇ ਇਹੁ ਮਦੁ ਪਾਇਆ
ਜੈਸੇ ਖੋਂਦ ਖੁਮਾਰੀ ॥੪॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਹੜਾ ਕੋਈ ਵਿਰਲਾ (ਜੋ ਕੋਟਨ ਮੈ ਕੋਊ ਹੁੰਦਾ ਹੈ) ਇਸ ਅਸਚਰਜਤਾ ਭਰਪੂਰ ਅਵਸਥਾ ਨੂੰ ਪਾ ਜਾਇ, ਉਸ ਦੀ ਅਜ਼ਮਤ ਜਾਂ ਵਡਿਆਈ ਦਾ ਕੋਈ ਅੰਤ ਨਹੀਂ ।

ਉਹ ਕੀ ਹੁੰਦਾ ਹੈ ? ਇਸ ਬਾਰੇ ਉਹ ਖੁਦ ਹੀ ਜਾਣਦਾ ਹੈ । ਹਾਂ, ਇੱਕ ਗੱਲ ਜਿਹੜੀ ਪਰਤੱਖ ਹੁੰਦੀ ਹੈ, ਉਹ ਇਹ ਕਿ :

ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥
ਸੋ ਜਨੁ ਸਰਬ ਥੋਕ ਕਾ ਦਾਤਾ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

**ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਕਥਨ ਹੈ :**

ਤੇਗ ਬਹਾਦੁਰ ਸਿਮਰਿਐ
ਘਰਿ ਨਉ ਨਿਧਿ ਆਵੈ ਧਾਇ ॥
ਸਭ ਥਾਈਂ ਹੋਇ ਸਹਾਇ ॥੧॥

~ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ - ਚੰਡੀ ਦੀ ਵਾਰ ~

**ਇਸ ਸੰਬੰਧ ਵਿੱਚ ਸਾਹਿਬਾਂ ਦੇ ਜੀਵਨ ਚਰਿੱਤਰ ਵਿੱਚੋਂ ਅਨੇਕਾਂ ਚੋਂ ਇੱਕ ਜ਼ਿਕਰ ਹੈ :**

"ਢਾਕੈ ਤੋਂ ਚੱਲਕੇ ਚਾਰ ਕੋਹ ਪੁਰ ਗੁਰੂ ਜੀ ਮਦਰਾ ਪੁਰ ਵਿੱਚ ਜਾ ਬਿਰਾਜੇ। ਉਥੇ ਅਲਮਸਤ ਸੰਤ ਦਾ ਚੇਲਾ ਨਥੇ ਸ਼ਾਹ ਰਹਿੰਦਾ ਸੀ। ਓਨ ਬਹੁਤ ਸੇਵਾ ਕੀਤੀ ਕਰਾਈ। ਸੰਗਤ ਆ ਕੱਠੀ ਹੋਈ। ਉਹਨਾਂ ਦੀ ਸ਼ਰਧਾ ਦੇਖ ਕੇ ਗੁਰੂ ਜੀ ਨੇ ਬਚਨ ਕੀਤਾ - ਜੋ ਕੁਛ ਜਿਸ ਨੂੰ ਚਾਹੀਏ, ਇੱਕੋ ਵਾਰੀ ਚਿਤਵ ਲਓ, ਤੁਹਾਡੀਆਂ ਇਛਿਆ ਗੁਰੂ ਨਾਨਕ ਜੀ ਤੋਂ ਪੂਰੀ ਕਰਾਈਏ।

ਗੁਰੂ ਤੇਗ ਬਹਾਦਰ ਜੀ ਤਾਂ ਗੁਰੂ ਨਾਨਕ ਸਾਹਿਬ ਜੀ ਦਾ ਧਿਆਨ ਧਾਰਕੇ ਇਸਥਿਤ ਹੋ ਬੈਠੇ ਤੇ ਸੰਗਤ ਵਿੱਚੋਂ ਕਿਨੇ

ਦੁਧ ਪੁਤ, ਕਿਸੇ ਧਨ, ਕਿਸੇ ਇਜ਼ਤ, ਕਿਨ ਤਨ ਅਰੋਗ, ਕਿਨੇ ਪਰਲੋਕ ਦਾ ਸੁਖ, ਕਿਸੇ ਨੇ ਮੁਕਤਿ - ਇਸੇ ਭਾਂਤ ਜੋ ਜੋ ਇਛਾ ਜਿਸਨੇ ਕੀਤੀ ਸਭ ਦੀ ਪੂਰੀ ਹੋਈ।

ਤਦੋਂ ਨੂੰ ਰਾਜੇ ਬਿਸ਼ਨ ਸਿੰਘ ਦੇ ਮੁਸਾਹਿਬ ਗੁਰ ਜੀ ਨੂੰ ਲੈਣ ਆ ਗਏ। ਸਿੱਖਾਂ ਨੇ ਪ੍ਰੇਮਾਕੁਲ ਹੋ ਕੇ ਬੇਨਤੀ ਕੀਤੀ ਕਿ ਫੇਰ ਦਰਸ਼ਨ ਕਦ ਹੋਵੇਗਾ ?

ਤਾਂ ਗੁਰੂ ਜੀ ਨੇ ਪੰਜ ਗ੍ਰੰਥੀ ਪੋਥੀ ਦੇ ਕੇ ਬਚਨ ਕੀਤਾ : ਏਸਦਾ ਦਰਸ਼ਨ ਸਾਡਾ ਦਰਸ਼ਨ ਸਮਝੋ। ਜੋ ਕੋਈ ਕਾਰਜ ਕਰਨਾ ਹੋਵੇ, ਏਸ ਪੋਥੀ ਨੂੰ ਗੁਰੂ ਰੂਪ ਮੰਨ ਕੇ ਏਸ ਅਗੇ ਬੇਨਤੀ ਕਰੋ। ਕਾਰਜ ਸਿਧ ਹੁੰਦੇ ਰਹਿਣਗੇ।"▼

~ ਗਿਆਨੀ ਗਿਆਨ ਸਿੰਘ ਰਚਿਤ ਤਵਾਰੀਖ ਗੁਰੂ ਖਾਲਸਾ ~

---

▼
ਗਿਆਨੀ ਜੀ ਲਿਖਦੇ ਹਨ ਕਿ ਉਹਨਾਂ ਨੇ, ਉੱਥੇ ਜਾ ਕੇ, ਉਸ ਪੋਥੀ ਦੇ ਦਰਸ਼ਨ ਕੀਤੇ ਹਨ ਅਤੇ ਸੰਗਤਾਂ ਉਸੇ ਤਰ੍ਹਾਂ ਹੀ ਕਰ ਰਹੀਆਂ ਹਨ ਜਿਵੇਂ ਪਾਤਸ਼ਾਹ ਦਾ ਬਚਨ ਸੀ। ਪੋਥੀ ਨੂੰ ਰੋਜ਼ ਪੰਜ ਪੰਜ ਸੇਰ ਫੁਲ ਚੜ੍ਹਦੇ ਹਨ।

## ਸਤਿਗੁਰ ਬਚਨ ਬਚਨ ਹੈ ਸਤਿਗੁਰ
## ਪਾਧਰੁ ਮੁਕਤਿ ਜਨਾਵੈਗੋ ॥੫॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

## ਪੋਥੀ ਪਰਮੇਸਰ ਕਾ ਥਾਨੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ੨ ਪੰਗਤੀਆਂ ਗੁਰੂ ਘਰ ਦੀ ਆਦਿ ਪਰਿਪਾਟੀ ਹੈ ਜਿਸਦੀ ਤਸਦੀਕ ਉਪਰਲੀ ਸਾਖੀ ਤੋਂ ਵੀ ਮਿਲਦੀ ਹੈ।

ਵਰਤਮਾਨ ਕਾਲ ਵਿੱਚ ਸਤਿਗੁਰਾਂ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਚਲਾਈ ਪਰੰਪਰਾ ਅਨੁਸਾਰ, ਆਪਣੇ ਕਾਰਜਾਂ ਦੀ ਸਿੱਧੀ ਲਈ, ਹੁਣ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਿਮਰਤਾ ਨਾਲ ਬੇਨਤੀਆਂ ਕਰਦੀਆਂ ਹਨ ਜੋ ਗੁਰੂ ਸਾਹਿਬ ਜੀ ਪਰਵਾਨ ਕਰਦੇ ਹਨ।

ਗੁਰਦੁਆਰਾ ਸੀਸ ਗੰਜ ਸਾਹਿਬ (ਦਿੱਲੀ), ਗੁਰਦੁਆਰਾ ਦੂਖ ਨਿਵਾਰਨ ਸਾਹਿਬ (ਪਟਿਆਲਾ), ਜਾਂ ਹੋਰ ਗੁਰਧਾਮਾਂ ਤੇ ਸੰਗਤਾਂ ਦੀ ਗਹਿਮਾ ਗਹਿਮ ਇਸ ਬਾਤ ਦੀ ਸਾਖ ਭਰਦੀਆਂ ਹਨ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਬਚਨ, ਉਦੋਂ ਵੀ ਸਤਿ ਸਨ ਤੇ ਹੁਣ ਵੀ ਸਤਿ ਹਨ ਕਿ :

ਤੇਗ ਬਹਾਦੁਰ ਸਿਮਰਿਐ
ਘਰਿ ਨਉ ਨਿਧਿ ਆਵੈ ਧਾਇ ॥
ਸਭ ਥਾਈਂ ਹੋਇ ਸਹਾਇ ॥੧॥

~ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ - ਚੰਡੀ ਦੀ ਵਾਰ ~

ਦੀਨ ਦਿਆਲ ਗੁਰ ਤੇਗ ਬਹਾਦਰ ।
ਜਹ ਸਿਮਰੇ ਸਿੱਖ ਤਹ ਹਾਜ਼ਰ ਨਾਜ਼ਰ ।

~ ਮਹਿਮਾ ਪ੍ਰਕਾਸ਼ ~

**ਗੁਰੂ ਸਾਹਿਬ ਜੀ ਦਾ ਜੋ ਅਸਲ ਸਿਮਰਨ ਹੈ, ਉਹ ਹੈ ਉਹਨਾਂ ਦੀ ਬਾਣੀ ਨੂੰ ਅੰਦਰ ਵਸਾਣਾ, ਉਹਨਾਂ ਦੇ ਬਚਨਾਂ ਦੀ ਪਾਲਣਾ ਕਰਨੀ । ਜੀਵਨ ਦੀ ਸਫਲਤਾ ਲਈ, ਸਭ ਮੁਰਾਦਾਂ ਦੀ ਪੂਰਤੀ ਲਈ, ਆਪ ਜੀ ਬਾਰ ਬਾਰ ਤਾਕੀਦ ਕਰ ਰਹੇ ਹਨ ਕਿ ਭਜਨ ਕਰੋ, ਸਿਮਰਨ ਕਰੋ - ਇਹ ਹੀ ਕੰਮ ਆਉਣ ਵਾਲੀ ਸਾਮਗਰੀ ਹੈ, ਇਥੇ ਵੀ ਅਤੇ ਅੱਗੇ ਵੀ ।**

ਜੈਜਾਵੰਤੀ ਮਹਲਾ ੯ ॥

ਰਾਮ ਭਜੁ ਰਾਮ ਭਜੁ
ਜਨਮੁ ਸਿਰਾਤੁ ਹੈ ॥
ਕਹਉ ਕਹਾ ਬਾਰ ਬਾਰ
ਸਮਝਤ ਨਹ ਕਿਉ ਗਵਾਰ ॥
ਬਿਨਸਤ ਨਹ ਲਗੈ ਬਾਰ
ਓਰੇ ਸਮ ਗਾਤੁ ਹੈ ॥੧॥ ਰਹਾਉ ॥
ਸਗਲ ਭਰਮ ਡਾਰਿ ਦੇਹ
ਗੋਬਿੰਦ ਕੋ ਨਾਮੁ ਲੇਹ ॥
ਅੰਤਿ ਬਾਰ ਸੰਗਿ ਤੇਰੇ
ਇਹੈ ਏਕ ਜਾਤੁ ਹੈ ॥੧॥
ਬਿਖਿਆ ਬਿਖੁ ਜਿਉ ਬਿਸਾਰਿ
ਪ੍ਰਭ ਕੌ ਜਸੁ ਹੀਏ ਧਾਰ ॥
ਨਾਨਕ ਜਨ ਕਹਿ ਪੁਕਾਰ
ਅਉਸਰੁ ਬਿਹਾਤੁ ਹੈ ॥੨॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਰਾਮ ਸਿਮਰਿ ਰਾਮ ਸਿਮਰਿ
ਇਹੈ ਤੇਰੈ ਕਾਜਿ ਹੈ ॥
ਮਾਇਆ ਕੋ ਸੰਗੁ ਤਿਆਗਿ
ਪ੍ਰਭ ਜੂ ਕੀ ਸਰਨਿ ਲਾਗ ॥
ਜਗਤ ਸੁਖ ਮਾਨੁ ਮਿਥਿਆ
ਝੂਠੋ ਸਭ ਸਾਜੁ ਹੈ ॥੧॥ ਰਹਾਉ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਿਹ॥